# ਵਰਿਆਮ

ਅਗਸਤ ਸਤੰਬਰ ੧੯੯੨



ਸਿਮਰਨ, ਸਾਧਨਾ ਅਤੇ ਸਾਦਗੀ ਦਾ ਪ੍ਰਤੀਕ
ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਤਪ ਸਥਾਨ

Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾ: ਲਿ:

ਹੈਦਰਾਬਾਦ

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਣਾਉਣ ਵਾਲੇ


https://archive.org/details/namdhari


**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA




Sri Satguru Jagjit Singh Ji eLibrary NamdhariElibrary@gmail.com

https://archive.org/details/namdhari

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI

ALL KINDS OF MARBLE STONE SUPPLIERS

**WZ-2, Mansarover Garden, Ring Road,**

**NEW DELHI-110015**

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 58795

**Makhan Singh Saggu**

**Narinder Singh Saggu**

## TECHNO INDUSTRIES

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts

**E.D. 311, Old Railway Road,**

**JALANDHAR-144 001.**

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

## SAGGU
## IRON INDUSTRIES

Sugar Mill Spares, Paper & Boards Mill
Spares, Textile Mill Spares, Distillery
Spares & Solvent Plant Spares

All Type of Gear & Chain Sprockets &
Industrial Chain

Partner : S. Puran Singh Saggu

**Old Railway Road, JALANDHAR.**

Phone : 61040
Code : 01824

For Fitting Diesel Engines in Foreign and Indian Cars bodies Contact

# Amarjit Motor Garage

**G.T. Road, Opp. Jalandhar Octroi Post,**

**PHAGWARA (Pb.)**

**Specialists in :**

**Mercedes Benz Car Repairing**



Sri Satguru Jagjit Singh Ji eLibrary NamdhariElibrary@gmail.com

https://archive.org/details/namdhari




**JANTA**

**HYDRAULIC PRESSES**

**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।




Manufacturers of:-
*** SONY**
*** EAGLE**
*** VIZLA**
**PRESSURE COOKERS**

Phone: 5417155

**N.J. INDUSTRIES**
F-99, Bali Nagar, New Delhi-110015

*Narender Singh* Prop.



GOLD MEDAL WINNER
(1982-1983)

**JAYSON®**
**ELECTRIC MOTORS**
FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg,
Maya Puri Indl. Area, New Delhi-110064
Phones: 594536,532536 Resi.501634

# ਵਰਿਆਮ

ਅਗਸਤ—੧੯੯੨ ਜਿਲਦ—੧੭ ਅੰਕ—੧੦

ਤਤਕਰਾ

ਸੀਸ ਵਿਹੂਣੇ ਮਨੁੱਖ ਦੀ ਅਰਜੋਈ
—ਸੀ. ਮਾਰਕੰਡਾ ੪
ਗ਼ਜ਼ਲ —ਕਰਤਾਰ ਸਿਘ ਪੰਛੀ ੫
ਗ਼ਜ਼ਲ —ਨਿਰੰਜਨ 'ਸੂਖਮ' ਮਾਛੀਵਾੜਾ ੫
ਗ਼ਜ਼ਲ —ਜਸਵੰਤ ਸਿੰਘ ਰਾਹੀ ੬
ਰੁਬਾਈਆਂ —ਅਜੀਤ ਸਿੰਘ ਚੀਮਾ ੬
ਹਿਜਰ ਵਸਲ ਦੇ ਝੇੜੇ —ਸੁਰਜੀਤ ਖੁਰਸ਼ੀਦੀ ੭
ਸੁਰਜੀਤ ਸਿੰਘ ਸਾਰੰਗੀ ਵਾਲਾ
—ਜਗਦੀਸ਼ ਸਿੰਘ ੮
ਕਹਾਣੀਕਾਰ ਸੁਜਾਨ ਸਿੰਘ ਦੇ ਰੂਬਰੂ ੧੦
ਰਾਏਕੋਟ ਦੇ ਸ਼ਹੀਦਾਂ ਨਮਿਤ ਮੇਲਾ ੧੧
ਨਾਮਧਾਰੀ ਵਿਦਿਅਕ ਸੰਮੇਲਨ (੩) ੧੨
ਪਿਆਰਾ ਸਿੰਘ ਦਾਤਾ ਨਾਲ ਇਕ ਸ਼ਾਮ ੧੫
ਪੁਸਤਕਾਂ ਦੀ ਚਰਚਾ ੧੭

ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | ੫.੦੦ | ਰੁਪਏ |
| ਸਾਲਾਨਾ ਚੰਦਾ | ੫੦.੦੦ | ,, |
| ਤਿੰਨ ਸਾਲ ਵਾਸਤੇ | ੧੨੦.੦੦ | ,, |
| ਚਾਰ ਸਾਲ ਵਾਸਤੇ | ੧੭੦.੦੦ | ,, |
| ਪੰਜ ਸਾਲ ਵਾਸਤੇ | ੨੦੦.੦੦ | ,, |
| ਉਮਰ ਭਰ ਵਾਸਤੇ | ੫੦੦.੦੦ | ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ | |

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill
Jalandhar-144001

ਫੋਨ : ਦਫਤਰ : ੨੨੨੫੪੩
ਘਰ : ੫੬੨੮੯

## ਸਤਿਗੁਰੂ ਰਾਮ ਸਿੰਘ ਦੀ ਤਸਵੀਰ

ਸ੍ਰੀ ਭੈਣੀ ਸਾਹਿਬ ਵਿਚ ਰਾਏਕੋਟ ਦੇ ਸ਼ਹੀਦੀ ਮੇਲੇ ਤੇ ਵਿਚਾਰ ਪ੍ਰਗਟ ਕਰਦਿਆਂ ਲੁਧਿਆਣਾ ਸ਼ਹਿਰੀ ਅਕਾਲੀ ਦਲ ਮਾਨ ਗ਼ਰੁਪ ਦੇ ਪ੍ਰਧਾਨ ਸ: ਹੀਰਾ ਸਿੰਘ ਗਾਬੜੀਆ ਨੇ ਕਿਹਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਦੇਸ਼ ਦੀ ਪਾਰਲੀਮੈਂਟ, ਪੰਜਾਬ ਵਿਧਾਨ ਸਭਾ, ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲਾ ਪੁਲੀਸ ਕਪਤਾਨਾਂ ਅਤੇ ਹੋਰ ਹੇਠਲੇ ਪੱਧਰ ਤਕ ਦਫਤਰਾਂ ਵਿਚ ਲਗਣੀ ਚਾਹੀਦੀ ਹੈ।

ਦੇਖਿਆ ਜਾਵੇ ਤਾਂ ਅਜ ਕਲ੍ਹ ਚਕਾਚੌਂਦ ਪਰਚਾਰ ਦੇ ਜ਼ਮਾਨੇ ਵਿਚ ਸਰਕਾਰ ਦੇਸ਼ ਦੇ ਲਈ ਕੁਰਬਾਨੀਆਂ ਦੀ ਝੜੀ ਲਾ ਦੇਣ ਵਾਲਿਆਂ ਨੂੰ ਭੁਲ ਹੀ ਗਈ ਹੈ। ਹੋਰ ਹੀ ਮਾਪ-ਦੰਡ ਹਨ ਅਜ ਪਰਚਾਰ ਵਾਸਤੇ। ਰੇਡੀਓ ਤੇ ਟੈਲੀ-ਵੀਜਨ ਪਰੋਗਰਾਮਾਂ ਲਈ ਜਾਂ ਮਹਾਂ ਪੁਰਖਾਂ ਦੀਆਂ ਤਸਵੀਰਾਂ ਲਾਉਣ ਦੇ ਸੰਬੰਧ ਵਿਚ।

ਜਥੇਦਾਰ ਗਾਬੜੀਆ ਦੇ ਮੂੰਹੋਂ ਸੱਚੀਆਂ ਗੱਲਾਂ ਨਿਕਲੀਆਂ ਹਨ। ਦੇਸ਼ ਦੀ ਸਰਕਾਰ ਦਾ ਤਾਂ ਆਪਣਾ ਹੀ ਫਰਜ਼ ਬਣਦਾ ਸੀ ਪਰ ਜੇ ਅਜੇ ਘੌਲ ਹੈ ਤਾਂ ਸਰਕਾਰ ਅਤੇ ਸਮਾਜ ਨੂੰ ਸੁਚੇਤ ਕਰਨ ਵਾਸਤੇ ਲੋਕਾਂ ਨੂੰ ਤਾਂ ਹੰਭਲਾ ਮਾਰਨਾ ਚਾਹੀਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੀ ਕੀਰਤੀ ਸਾਰੇ ਭਾਰਤ ਲਈ ਮਾਨ ਵਾਲੀ ਗੱਲ ਹੈ। ਵਿਸ਼ੇਸ਼ ਕਰਕੇ ਪੰਜਾਬ ਸਿਰ ਤਾਂ ਉਹਨਾਂ ਦਾ ਬਹੁਤ ਕਰਜ਼ਾ ਹੈ। ਇਹ ਰਿਣ ਪੰਜਾਬ ਵਾਸੀਆਂ ਨੂੰ ਚੁਕਾਉਣ ਦਾ ਯਤਨ ਕਰਨਾ ਚਾਹੀਦਾ ਹੈ।

ਪਰਚਾਰ ਦੇ ਸੰਬੰਧ ਵਿਚ ਅਜੇ ਤਕ ਸਰਕਾਰੀ ਅਤੇ ਗੈਰ ਸਰਕਾਰੀ ਮੀਡੀਆ ਨੇ ਸਤਿਗੁਰੂ ਰਾਮ ਸਿੰਘ ਨੂੰ ਠੀਕ ਥਾਂ ਨਹੀਂ ਦਿਤਾ ਭਾਵੇਂ ਲੋਕਾਂ ਦੇ ਦਿਲਾਂ ਵਿਚ ਉਹ ਹਰ ਸਮੇਂ ਵਸੇ ਰਹਿੰਦੇ ਹਨ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM AUGUEST 1992
Ladowali Rd, Jalandhar-144001.
Registered with the Registrar of News Papers for India No. 26453/75

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ




## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**OR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Office : 2528411
Phones : „ : 2510345
Resi. : 845441

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲਧਰ ਤੋਂ ਪ੍ਰਕਾਸ਼ਤ ਕੀਤਾ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


# RAJPAL





**MIXERS & VIBRATORS**





**BALWANT SINGH & SONS**

WH. 14, SATGURU RAM SINGH MARG,
MAYAPURI PHASE - 1 NEW DELHI - 110064
PH : FAC : 5401973,5435059 RESI : 536093


Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸੀਸ-ਵਿਹੂਣੇ ਮਨੁਖ ਦੀ ਅਰਜੋਈ

—ਸੀ. ਮਾਰਕੰਡਾ

ਮੈ ਚੌਕ ਸ਼ਹੀਦਾਂ ਲਭਦਾ ਹਾਂ
ਪਰ ਮੈਨੂੰ ਚਾਂਦਨੀ ਚੌਕ ਨਹੀਂ ਲਭਦਾ
ਜਿਥੇ ਮੈਂ ਸ਼ਾਹਦੀ ਭਰ ਸਕਾਂ
ਤਲੀ ਤੇ ਸੀਸ ਧਰ ਸਕਾਂ ।

ਪਰ ਮੈਂ ਤਾਂ ਦੱਸਣ ਆਇਆ ਹਾਂ
ਕਿ ਮੇਰੇ ਜਿਸਮ ਤੇ ਸੀਸ ਹੀ ਨਹੀਂ
ਮੇਰਾ ਉਹ ਸੀਸ
ਮੇਰੇ ਪੁਰਖਿਆਂ
ਚਿਰ ਹੋਇਆ ਕਿਸੇ ਦੇ
ਪੈਰੀਂ ਧਰ ਦਿੱਤਾ
ਤੇ ਮੈਨੂੰ
ਸਿਰ ਵਿਹੂਣਾ ਕਰ ਦਿੱਤਾ ।

ਜਦੋਂ ਮੈਂ ਜਨਮਿਆ
ਮੇਰੇ ਕੰਨੀਂ ਪਾਇਆ ਗਿਆ

'ਆਪਣੇ ਪੂਰਵਜਾਂ ਸਿਰ
ਉਨ੍ਹਾਂ ਦਾ ਲੱਖਾਂ ਮਣ ਕਰਜ਼ ਹੈ
ਜਿਸ ਪ੍ਰਤੀ ਸਾਡਾ ਵੀ ਕੋਈ ਫਰਜ਼ ਹੈ ।'

ਪਰ ਮੈਂ
ਉਸ ਮਹਾਂਪੁਰਖ ਨੂੰ ਤਲਾਸ਼ਦਾ ਹਾਂ
ਜਿਸ ਤੇ ਐਨਾ ਜ਼ੁਲਮ
ਐਨ ਚੌਕ ਦੇ ਵਿਚਕਾਰ ਹੋਇਆ ਸੀ
ਲਹੂ ਦੇ ਗਾੜ੍ਹੇ ਤੁਪਕਿਆਂ ਨਾਲ ਲਿਬੜਿਆ
ਵਕਤ ਜ਼ਾਰੋ ਜ਼ਾਰ ਰੋਇਆ ਸੀ ।
ਤਾਂ ਮੈਂ ਵੇਖਿਆ
ਕਿ ਸਾਡੇ ਪੁਰਖੇ ਜਿਨ੍ਹਾਂ ਦੇ ਜ਼ਰਦ ਚੇਹਰੇ ਸਨ
ਜ਼ਰਜਰੀ ਪੌਣਾਂ ਦੇ ਧੁਆਂਖੇ ਸਨ
ਤੇ ਆਪਣੇ ਲੱਥੇ ਸਿਰਾਂ ਨੂੰ
ਮੁੜ ਹਾਸਲ ਕਰਨ ਦੇ ਪਿਆਸੇ ਸਨ ।

ਤੇ ਮੈਂ ਵੇਖਿਆ
ਇਕ ਤਲਵਾਰ ਮਿਆਨੋਂ ਬਾਹਰ ਨੱਚਦੀ ਹੈ
ਮੋਏ ਪਲਾਂ ਦੀ ਖਾਮੋਸ਼ੀ
ਅਤੇ ਮਾਸੂਮੀਅਤ ਨੂੰ ਦਰੜਦੀ ਹੋਈ
ਇਕ ਖਚਰੀ ਹਾਸੀ ਹਸਦੀ ਹੈ ।
ਤੇ ਮੈਂ ਵੇਖਿਆ

ਸਿੰਮਦੇ ਲਹੂ ਤੇ ਕੱਟੀਆਂ ਉਂਗਲਾਂ ਨੂੰ
ਕਿਸੇ ਨੇ ਆਣ ਫੜਿਆ ਹੈ ।
ਇਕ ਸ਼ਕਤੀਸ਼ਾਲੀ ਹੱਥ
ਜ਼ਖਮੀ ਜਿਸਮ ਤੇ
ਚਾਦਰ ਵਾਂਗ ਤਣਿਆ ਹੈ ।

ਪਰ ਅੱਜ ਮੈਂ ਦੱਸਣ ਆਇਆ ਹਾਂ
ਕਿ ਵੇਖ ਭਰਾਵਾ
ਮੈਂ ਵੀ ਜਿਉ ਰਿਹਾ ਹਾਂ
ਤੇਰੇ ਪੁਰਖਿਆਂ ਮੇਰੇ ਤੇ ਜੋ ਚਾਦਰ ਤਾਣੀ ਸੀ
ਉਸਦੇ ਬਗੈਰ ਹੀ
ਆਪਣੇ ਫਟੇ ਨਸੀਬਾਂ ਨੂੰ
ਟਾਕੀ ਲਾ ਸਿਉਂ ਰਿਹਾ ਹਾਂ ।
ਮੈਂ ਹੁਣ ਜਿਥੇ ਵੀ ਜਾਵਾਂਗਾ
ਆਪਣੇ ਦੁੱਖਾਂ ਤਸੀਹਿਆਂ ਦਾ ਜ਼ਿਕਰ ਕਰਾਂਗਾ
ਪਰ ਭਰਾਵਾ
ਇਸ ਸਿਰ ਵਿਹੂਣੇ ਜਿਸਮ ਦਾ ਕੀ ਕਰਾਂਗਾ ।

ਪਰ ਮੈਂ ਦਸਣਾ ਚਾਹੁੰਦਾ ਹਾਂ
ਧਰਤੀ ਦਾ ਕਲੇਜਾ ਪਾੜ੍ਹਕੇ
ਜੋ ਇਕ ਆਵਾਜ਼ ਆਉਂਦੀ ਹੈ
ਉਸ ਨੂੰ ਸੁਣ ਲਿਆ ਜਾਵੇ ।
ਤੇ ਜੋ ਤਰਲੇ ਪਾਉਂਦੀ ਹੈ
ਉਸ ਨੂੰ ਮੱਥੇ ਤੇ ਖੁਣ ਲਿਆ ਜਾਵੇ ।
ਮੇਰੇ ਲੋਕੋ !
ਚਾਂਦਨੀ ਚੌਕ 'ਚ ਡੁਲ੍ਹੇ ਖੂਨ ਵੱਲ ਵੇਖੋ ।
ਇਹ ਖੂਨ ਕੋਈ ਪੂੰਝ ਨਹੀਂ ਸਕਦਾ
ਲਹੂ ਦੇ ਧੱਬਿਆਂ ਦਾ ਲਾਲ ਚਾਨਣ
ਕੋਈ ਹੂੰਝ ਨਹੀਂ ਸਕਦਾ ।

ਪਰ ਮੈਂ ਦੱਸਣਾ ਚਾਹੁੰਦਾ ਹਾਂ
ਕਿ ਵੇਖ ਭਰਾਵਾ
ਹੁਣ ਮੈਂ ਕਿਤੇ ਵੀ ਨਹੀਂ ਜਾਵਾਂਗਾ
ਬੇਸ਼ਕ ਮੈਨੂੰ
ਬੱਸ 'ਚੋਂ ਧੂਹ ਕੇ ਮਾਰ ਦਿੱਤਾ ਜਾਵੇ
ਜਾਂ ਘਰ 'ਚ ਜਬਰੀ ਘੁਸੇ
ਸਕਤਿਆਂ ਦੀਆਂ ਅਸਾਲਟਾਂ ਨਾਲ
ਸਮੇਤ ਪਰਿਵਾਰ
ਤੂੰਬਾ ਤੂੰਬਾ ਕਰਕੇ ਖਿਲਾਰਤਾ ਜਾਵੇ ।
ਚੁੱਪ ਦੇ ਸੰਨਾਟੇ 'ਚ

Sri Satguru Jagjit Singh Ji eLibrary  NamdhariElibrary@gmail.com

ਡਰੇ ਰਹਿਮ ਦਿਲ ਲੋਕਾਂ ਨੂੰ
ਮੈਂ ਕੁਝ ਨਹੀਂ ਕਹਿਣਾ।
ਜਿਨਾਂ ਇਸ ਵਰਤਾਰੇ ਨੂੰ ਤੱਕ ਕੇ
ਨਜ਼ਰ ਅੰਦਾਜ਼ ਕਰ ਦਿੱਤਾ।
ਮੈਂ ਤਾਂ ਉਨ੍ਹਾਂ ਜਿਉਂਦੇ ਲੋਕਾਂ ਨੂੰ
ਮੁਖਾਤਬ ਹਾਂ।

ਕਿ ਹੁਣ ਇਹ ਸਿਰ ਵਿਹੂਣਾ ਬੰਦਾ
ਕਿਤੇ ਵੀ ਨਹੀਂ ਜਾਵੇਗਾ।
ਆਪਣੇ ਹੋਣੀਆਂ ਭਰੇ ਦਿਨਾਂ ਦਾ ਦਰਦ
ਉਨ੍ਹਾਂ ਸੂਰਮਿਆਂ ਨੂੰ ਸੁਣਾਵੇਗਾ।
ਤੇ ਇੰਝ ਆਪਣੇ ਪੁਰਖਿਆਂ ਦਾ
ਕਰਜ਼ ਲਾਹਵੇਗਾ।

ਸੰਪਾਦਕ ਕਿੰਤੂ
ਕਵਿਤਾ ਮਾਰਗ ਤਪਾ ਮੰਡੀ (ਸੰਗਰੂਰ)

## ਗ਼ਜ਼ਲ

### ਕਰਤਾਰ ਸਿੰਘ 'ਪੰਛੀ'

ਆ ਰਹੇ ਏਦਾਂ ਖਿਆਲ।
ਜਾਗ ਪਏ ਕਿੰਨੇ ਸਵਾਲ।
ਦੇਖਿਆ ਉਸ ਦਾ ਜਮਾਲ।
ਹੈ ਕੋਈ ਵਸਤੂ ਕਮਾਲ।
ਸੋਚ ਦੇ ਛੱਟੇ ਲਗਾ,
ਰੋਕਿਆ ਮਨ ਦਾ ਉਬਾਲ।
ਕੂੰਣ ਦਾ ਮੌਕਾ ਨਹੀਂ,
ਹੋ ਨਾ ਪਰ ਐਨਾ ਨਿਢਾਲ।
ਪਿਆਰ ਦਾ ਦਾਇਰਾ ਨਾ ਤਜ,
ਇਸ ਦੀ ਹੈ ਦੁਨੀਆ ਵਿਸ਼ਾਲ।
ਮੈਂ ਤੇ ਤੂੰ ਵੱਖਰੇ ਨਹੀਂ,
ਤੁਰਨਾ ਹੈ ਦੁਨੀਆਂ ਦੇ ਨਾਲ।
ਹੋਰ ਖੋਲ੍ਹੋ ਕਤਲਗਾਹਾਂ
ਮੁੱਕੇ ਨਾ ਸੱਜਣਾਂ ਦੀ ਪਾਲ।
ਮੇਰੇ ਮਨ ਦੀ ਸੋਚ ਤੋਂ,
ਟੁੱਟ ਰਿਹੈ ਮਾਇਆ ਦਾ ਜਾਲ।
ਨਿੱਤ ਨਵਾਂ ਹੋ ਬਲੇਗਾ,
ਮੇਰੇ ਦਿਲ ਨੂੰ ਰੋਜ਼ ਬਾਲ।
ਜਲਦਾ ਜਲਦਾ ਜਲੇਗਾ,
ਪਾਪੀ ਮਨ ਨੂੰ ਇਉਂ ਨਾ ਜਾਲ।
ਸੋਚ, ਉਹ ਤੇਰੇ ਨਹੀਂ,
ਜਿਨ੍ਹਾਂ ਦੀ ਬਣਦਾ ਏਂ ਢਾਲ।
ਰਾਤ ਕਾਲੀ ਮਸਤ ਗਈ,
ਪੈ ਗਿਆ ਕਿਰਨਾਂ ਦਾ ਕਾਲ।
ਮੇਰਾ ਦਿਲ ਕਿਉਂ ਧੜਕਦੈ ?
ਜਦ ਉਹ ਪੁਛਣ ਮੇਰਾ ਹਾਲ।
ਸੋਚ ਲੈ ਕੁਝ ਸਮਝ ਲੈ,
ਜਿੰਦ ਨਾ ਏਦਾਂ ਹੰਘਾਲ।
ਐਵੇਂ ਨਾ ਫੱਕਰਾਂ ਨੂੰ ਟਾਲ,
ਆਏ ਹਾਂ ਵੇਖਣ ਜਮਾਲ।
ਆਏ ਹਾਂ ਵੇਖਣ ਜਮਾਲ,
ਐਵੇਂ ਨਾ ਫੱਕਰਾਂ ਨੂੰ ਟਾਲ।
ਸੋਚਦਾਂ ਕਿੰਝ ਗੁਜ਼ਰ ਗਏ,
ਗੁਜ਼ਰ ਗਏ ਸਤਵੰਜਾ ਸਾਲ।
ਵੇਖ ਲੈ ਸਾਡਾ ਸਬਰ,
ਠਰ ਕੇ ਲੰਘੇ ਹਰ ਸਿਆਲ।
ਧੜਕਣਾਂ ਦੀ ਬਾਂਸਰੀ,
ਦੇ ਰਹੀ ਸ਼ਿਅਰਾਂ ਨੂੰ ਤਾਲ।
ਉਡ ਰਹੇ 'ਪੰਛੀ' ਨੂੰ ਮਾਣ,
ਨਾ ਉਹਦੇ ਔਗੁਣ ਉਛਾਲ।

## ਗ਼ਜ਼ਲ

### ਨਿਰੰਜਨ 'ਸੂਖਮ' ਮਾਛੀਵਾੜਾ

ਮਰਦਿਆਂ ਚਾਵਾਂ ਨੂੰ ਮੇਰੇ ਵੀ ਮਿਲੇਗੀ ਜ਼ਿੰਦਗੀ
ਉਹ ਕਦੇ ਤਾਂ ਆਉਣਗੇ ਹੀ ਬਣ ਕੇ ਮੇਰੀ ਜ਼ਿੰਦਗੀ
ਜਾਣਦਾਂ ਰਿਸ਼ਤਾ ਮਿਰਾ ਉਸ ਨਾਲ ਹੈ ਨਜ਼ਦੀਕ ਦਾ
ਜਾਪਦੀ ਪਰ ਫੇਰ ਵੀ ਮੈਨੂੰ ਪਰਾਈ ਜ਼ਿੰਦਗੀ।
ਹੁਣ ਰੁਮਕਦੀ ਪੌਣ ਵੀ ਜਦ ਦੇ ਦਵੇ ਦਸਤਕ ਜ਼ਰਾ
ਸਹਿਮ ਦੇ ਵਿਚ ਸਿਮਟ ਜਾਂਦੀ ਹੁਣ ਘਰਾਂ ਦੀ ਜ਼ਿੰਦਗੀ।
ਡੁੱਬਦਾ ਨਾ ਹੌਸਲਾ ਤੇਰਾ ਕਿਤੇ ਜੇ ਨਾਖੁਦਾ
ਡੁੱਬਦੀ ਕਸ਼ਤੀ ਅਸਾਡੀ ਨਾ ਅਸਾਡੀ ਜ਼ਿੰਦਗੀ
ਫੁੱਲ ਵਾਂਗੂੰ ਕੰਡਿਆਂ ਵਿਚ ਵੀ ਖਿੜੇ ਰਹਿਣਾ ਸਦਾ
ਦਰਦ ਸਹਿਣਾ, ਗਾਉਂਦੇ ਰਹਿਣਾ ਹੈ ਇਹੋ ਹੀ ਜ਼ਿੰਦਗੀ
ਸੋਚ ਸੂਖਮ ਹੈ ਜਿਨ੍ਹਾਂ ਦੀ ਮਨ ਸਦਾ ਭਰਿਆ ਰਹੇ
ਦਿਲ 'ਚ ਰਹਿੰਦੀ ਹੈ ਕਸਕ ਔਖੀ ਗੁਜ਼ਰਦੀ ਜ਼ਿੰਦਗੀ।


Sri Satguru Jagjit Singh Ji eLibrary NamdhariElibrary@gmail.com

# ਗ਼ਜ਼ਲ

—ਜਸਵੰਤ ਸਿੰਘ 'ਰਾਹੀ'

ਅੰਮ੍ਰਿਤ ਵੇਲੇ ਰੇਡੀਓ ਬੋਲਿਆ, ਖ਼ੂਨ ਵੇ ਲੋਕੋ ਖ਼ੂਨ
ਪਿੰਡਾਂ ਦੇ ਵਿਚ ਵਹਿਸ਼ਤ ਫਿਰਦੀ, ਸ਼ਹਿਰਾਂ ਵਿਚ ਜਨੂੰਨ
ਡਰ ਦੀ ਗਠੜੀ ਦੇ ਵਿਚ ਬੰਨੀਆਂ, ਟੁੱਟੀਆਂ ਹੋਈਆਂ ਉਮਰਾਂ
'ਸੱਧੇ ਜਾਣ ਤੋਂ' ਡਰੇ ਹਕੀਕਤ, ਲਿਖਦੀ ਨਹੀਂ ਮਜ਼ਮੂਨ
ਪਾਰਟੀਆਂ ਚੁੱਪ ਠਾਣਾ ਬੰਦ ਹੈ ਕਿਧਰ ਦਿਆਂ ਆਵਾਜ਼ਾਂ
ਡਾਕਖਾਨੇ ਦਾ ਬਾਬੂ ਕਹਿੰਦਾ ਵਿਗੜਿਆ ਟੈਲੀਫੋਨ
ਕਾਲੀ ਧੁੱਪ ਹੈ ਬੱਦਲ ਚਿੱਟੇ ਸੱਚ ਹੋਈ ਹੈ ਅੰਨੀ
ਬੰਦੇ ਨੂੰ ਇਹ ਪਤਾ ਨਾ ਲਗੇ ਕਿਹੜੀ ਉਸ ਦੀ ਜੂਨ
ਕੰਡੇ ਗਿੱਠ ਗਿੱਠ ਲੰਮੇ ਹੋ ਗਏ ਪੱਤੇ ਸਹਿਮ ਗਏ ਨੇ
ਗੋਲੀਆਂ ਦੀ ਵਾਛੜ ਹੁਣ ਆ ਕੇ, ਫੁੱਲ ਲਗ ਪਈ ਭਰੂਨ
ਥਾਂ ਥਾਂ ਅਸਾਂ ਢੰਡੋਰੇ ਫੇਰੇ, ਪਰਚਿਆਂ ਵਿਚ ਕਢਾਇਆ
ਲਭਦੇ ਲਭਦੇ ਫਾਵੇ ਹੋ ਗਏ ਗੁੰਮ ਹੋ ਗਿਆ ਸਕੂਨ
ਡਿਗਰੀਆਂ ਦੇ ਰੇੜ੍ਹੇ ਤੇ ਚੜ੍ਹਕੇ ਛੱਡ ਰਹੀਆਂ ਚੰਗਿਆੜੇ
ਆ ਵੇਖੋ ਆ ਛੱਬਿਆ ਹੋਇਆ ਕੋਟ ਕਲਮ ਪਤਲੂਨ
ਪਿੰਡ ਸਾਡੇ ਦਾ ਬਾਣੀਆਂ ਟੱਬਰ ਗੋਲੀਆਂ ਖਾ ਕੇ ਮਰਿਆ
ਨਾਲ ਉਹਨਾਂ ਦੇ ਲੁਟਿਆ ਗਿਆ ਥੋਕ ਅਤੇ ਪਰਚੂਨ
ਦਸ ਰਾਹੀ ਤੂੰ ਸੱਚ ਬੋਲਣ ਤੋਂ, ਹੁਣ ਤੱਕ ਕਿਉਂ ਨਹੀ ਹਟਿਆ
ਇੰਜ ਤੁਰਿਆਂ ਤੇ ਉਜੜ ਜਾਏਗਾ, ਤੇਰਾ ਇਹ ਕਮਿਊਨ ।

# ਬ੍ਰਹਮ ਗਿਆਨੀ

ਵਲੋਂ--ਕੁਲਦੀਪ ਸਿੰਘ ਨਵੀਂ ਦਿੱਲੀ

ਤੇਰੇ ਕੋਲ ਤੇਰੀ ਆਤਮਾ ਤੂੰ ਇਸਦੇ ਬਾਰੇ ਸੋਚ
ਹਰ ਵੇਲੇ ਪ੍ਰਭੂ ਚਿੰਤਨ ਕਰਕੇ, ਦਰਸ਼ਨ ਰੱਬ ਦਾ ਲੋਚ
ਤੈਨੂੰ ਇਹ ਤੇ ਬਖਸ਼ ਦੇਵੇਗਾ ਗਿਆਨ ਦੇ ਵਡੇ ਭੰਡਾਰੇ
ਜਿਹੜਾ ਆਪਣੇ ਰੱਬ ਨੂੰ ਬੰਦਾ ਦਿਲ ਦੇ ਵਿਚ ਸੰਭਾਰੇ
ਚੌਹਾਂ ਜੁਗਾਂ ਵਿਚ ਬਖਸ਼ੇ ਤੈਨੂੰ ਵਡਿਆਈਆਂ ਹੀ ਵਡਿਆਈਆਂ
ਭਾਗਾਂ ਭਰਿਆ ਉਹ ਹੈ ਬੰਦਾ, ਜਿਸਨੇ ਰਹਿਮਤਾਂ ਪਾਈਆਂ
ਅੰਮ੍ਰਿਤ ਵੇਲੇ ਜਿਹੜਾ ਉਠਿਆ, ਉਠ ਕੇ ਧਿਆਨ ਲਗਾਇਆ
ਧਿਆਨ ਲਗਾਇਆ ਜਿਸ ਪ੍ਰਾਣੀ ਨੇ
ਉਸ ਰਾਵਨ ਤਾਈਂ ਭਜਾਇਆ ।
ਰਾਵਨ ਤਾਈਂ ਭਜਾਵਣ ਵਾਲਾ, ਬ੍ਰਹਮ ਗਿਆਨੀ ਅਖਵਾਂਦਾ
ਪੂਰੇ ਜਗਤ ਵਿਚ ਐਸਾ ਪ੍ਰਾਣੀ, ਸਭ ਨੂੰ ਸੁਖ ਪਹੁੰਚਾਂਦਾ
ਸੁਖਾਂ ਲਈ ਉਹ ਕਰੇ ਕਾਮਨਾ ਝਲਕੇ ਦੁਖ ਬਥੇਰਾ,
ਸੇਵਾ ਸਿਮਰਨ ਦੇ ਵਿਚ ਰਹਿੰਦਾ ਭਾਵੇਂ ਝਲਦਾ ਦੁਖ ਘਨੇਰਾ
ਉਹ ਨਹੀਂ ਸੁਣਦਾ ਕਿਸੇ ਬੰਦੇ ਦੀ ਨਾ ਚੁਗਲੀ ਨਾ ਬੁਰਾਈ
ਉਸ ਬੰਦੇ ਨੇ ਸੌਂਹ ਹੈ ਖਾਧੀ, ਸ਼ੁਧ ਜੀਵਨ ਸੇਧ ਦਿਖਾਈ
ਆਓ ਅਸੀਂ ਵੀ ਸਾਰੇ ਮਿਲਕੇ, ਇਹ ਅਰਦਾਸ ਪਹੁੰਚਾਈਏ
ਮਿਸੀ ਲੂਣੀ ਖਾ ਕੇ ਸਾਰੇ ਰੱਬ ਦਾ ਸ਼ੁਕਰ ਮਨਾਈਏ
ਵੈਰ ਵਿਰੋਧਾਂ ਵਿਚ ਨਾ ਜਾਈਏ ਮਿਲ ਕੇ ਰਹੀਏ ਸਾਰੇ ।
ਮੰਦਰ ਮਸਜਿਦ ਗਿਰਜੇ ਵੇਖੋ ਸਭ ਸਾਂਝੇ ਗੁਰਦਵਾਰੇ
ਹਰ ਥਾਂ ਤੇ ਹੁੰਦੀ ਹੈ ਉਸਤਤ, ਸੁਣੀਏ ਮਨ 'ਚ ਵਸਾਈਏ
ਮੱਖਣ ਲੁਟਣ ਵਾਲੇ ਬਣੀਏ, ਨਾ ਪਾਣੀ ਰਿੜਕ ਦਿਖਾਈਏ
ਦੀਪ ਸਦਾ ਇਹ ਚੇਤੇ ਰਖੋ, ਆਤਮ ਸ੍ਰਿਸ਼ਟ ਹੈ ਮੇਰੀ
ਇਹਦੇ ਨਾਲ ਇਹਦੇ ਨੇ ਲੇਖੇ, ਕੀ ਮੇਰੀ ਕੀ ਤੇਰੀ
ਸਵੈ-ਚਿੰਤਨ ਵਿਚ ਬਹਿ ਕੇ ਨਿਤ ਹੀ ਪ੍ਰਭੂ ਚਿੰਤਨ ਵਲ ਤਕੀਏ
ਹਿਰਦਾ ਨਮਰ ਬਣਾ ਕੇ ਜਗ ਵਿਚ, ਹਰ ਬੰਦੇ ਨਾਲ ਰਖੀਏ ।

# ਰੁਬਾਈਆਂ

ਕਈ ਜਿਉਂਦੇ ਹੀ ਮਰੇ ਨੇ
ਕਈ ਮਰ ਕੇ ਵੀ ਨਹੀਂ ਮਰੇ ਨੇ
ਜਿਨ੍ਹਾਂ ਵਿਚ ਅਣਖ ਤੇ ਗੈਰਤ ਨਹੀਂ ਚੀਮਾ
ਉਨ੍ਹਾਂ ਤੋਂ ਪਸ਼ੂ ਵੀ ਖਰੇ ਨੇ ।

——

ਕਈ ਭਰ ਭਰ ਕੇ ਜਾਮ ਪੀਂਦੇ ਨੇ ਸਾਕੀ ਤੋਂ
ਕਈ ਗਰੀਬਾਂ ਦਾ ਲਹੂ ਪੀਂਦੇ ਨੇ ਕੰਮ ਲੈ ਚਲਾਕੀ ਤੋਂ
ਬੜੇ ਅਫਸੋਸ ਦੀ ਗਲ ਏ ਚੀਮਾ, ਮੈਂ ਕਹਿ ਨਹੀਂ ਸਕਦਾ
ਕਈਆਂ ਦੀ ਲਾਸ਼ ਨੰਗੀ ਏ ਕਫਨ ਦੀ ਟਾਕੀ ਤੋਂ ।

——

ਜੇ ਮਰਦਾਂ ਦੀ ਤਰ੍ਹਾਂ ਜਿਊਣਾ ਹੈ ਤਾਂ ਹੱਕ ਨੂੰ ਪ੍ਰਵਾਨ ਕਰ
ਝੂਠ ਤੋਂ ਕੰਨੀਂ ਕਤਰਾ, ਸਾਫ ਗੱਲ ਬਿਆਨ ਕਰ
ਫੇਰ ਕਿਸੇ ਮਨਜ਼ਲ ਤੇ 'ਚੀਮਾਂ' ਪਹੁੰਚ ਜਾਏਂਗਾ
ਦੋਸਤਾਂ ਤੇ ਦੁਸ਼ਮਣਾਂ ਦੀ ਪਹਿਲਾਂ ਜ਼ਰਾ ਪਹਿਚਾਨ ਕਰ ।

——

ਬੇਵਫਾ ਦੇ ਪਿਆਰ ਦਾ, ਕਿਲ੍ਹਾ ਪੁਰਾਣਾ ਢਹਿ ਗਿਆ
ਆਪਣੇ ਕਰਦਾਰ ਨਾਲ, ਉਹ ਦਿਲ ਮੇਰੇ ਤੋਂ ਲਹਿ ਗਿਆ
ਉਮਰ ਸਾਰੀ ਜ਼ਹਿਰ ਤਨ ਤੇ ਅਸਰ ਕਰਦਾ ਰਹੇਗਾ
ਐਸਾ ਸੜਿਆ ਬੋਲ ਚੀਮਾ ਜਾਂਦਾ ਜਾਂਦਾ ਕਹਿ ਗਿਆ ।

ਅਜੀਤ ਸਿੰਘ ਚੀਮਾ
ਭੈਣੀ ਸਾਹਿਬ ।


Sri Satguru Jagjit Singh Ji eLibrary NamdhariElibrary@gmail.com

# ਹਿਜਰ ਵਸਲ ਦੇ ਝੇੜੇ

—ਸੁਰਜੀਤ ਖੁਰਸ਼ੀਦੀ

ਇਹ ਕਿਸ ਦੇ ਸਾਹਾਂ ਦਾ ਨਿਘ ਹੈ ਹਵਾ ਦੇ ਵਿਚ
ਇਹ ਕਿਸ ਦੇ ਬੋਲ ਹਨ ਥੱਰਾ ਰਹੇ ਫ਼ਜ਼ਾ ਦੇ ਵਿਚ
ਕੌਣ ਹੈ ਦਿਲ, ਦਿਮਾਗ਼, ਦੇਹ ਅਤੇ ਕੰਨ ਦੇ ਪਾਸ ?
ਜੀਵਨ ਦੇ ਸਹਿਰਾ ਵਿਚ,
ਦਿਲ-ਬੀਆਬਾਨ-ਅਥਾਹ ਦੇ ਵਿਚ ?

ਇਹ ਕੌਣ ਆਸ-ਪਾਸ ਹੈ ?
ਕਿਸ ਦੀ ਹੈ ਉਡੀਕ, ਅਤੇ ਆਸ ਹੈ ?
ਸੱਜੇ, ਖੱਬੇ, ਅੱਗੇ, ਪਿਛੇ
ਇਹ ਕਿਸ ਦੀ ਕਦਮ ਚਾਪ ਹੈ ?
ਛੰਮ, ਛੰਮ, ਛੰਮ ।
ਸ਼ਾਇਦ ਇਹ ਮੇਰਾ ਵਹਿਮ ਹੈ ।
ਇੰਞ ਲੱਗ ਰਿਹੈ ਫਿਰ ਵੀ
ਜਿਵੇਂ ਕੋਈ ਪਾਸ ਹੈ, ਸਾਥ ਹੈ ।

ਛੂਹ ਰਹੀ ਹੈ ਜਿਸਮ ਨੂੰ, ਕੋਈ ਅਦਿੱਖ ਛੋਹ ।
ਮਨ-ਅੱਖਾਂ ਵਿਚ ਝਾਕਦਾ,
ਜਿਵੇਂ ਕੋਈ ਆ, ਅੱਗੇ ਖਲੋ ।
ਕੌਣ ਹੈ ਇਹ ਦਿਨ ਤੇ ਰਾਤ,
ਦੇ ਰਿਹੈ ਮੇਰਾ ਜੋ ਸਾਥ ?
ਕਿਤੇ ਇਹ ਓਹੀ ਨਾ ਹੋਵੇ
ਓਹੀ ਨਾ ਹੋਵੇ ਕਿਤੇ

ਲੈ ਤੁਰਨਾ ਹੈ ਜਿਸ ਨੇ ਇਕ ਸਮੇਂ
ਫੜ ਕੇ ਮੇਰਾ ਕੰਬਦਾ ਹਾਤ ।
ਉਹ ਕਹਿ ਰਿਹਾ ਹੋਵੇ ਨਾ "ਝਾਤ" ।
ਪਲ੍ਹਮਦੀ ਰਾਤ ਦੇ ਸੰਨਾਟੇ ਦੇ ਵਿਚ
ਇਕ ਚਾਨਣ ਲਕੀਰ ਮੇਰੇ ਵੱਲ

ਮੇਰੀ ਜਾਨਿਬ ਆ ਰਿਹਾ ਜਾਪੇ ਕੋਈ
ਕੰਨਾ ਬਾਤੀ ਕਰ ਰਿਹਾ ਇਹ ਕੌਣ ਹੈ ?
ਆਪਣਾ ਘੇਰਾ ਵਲ ਰਿਹਾ ਮੇਰੇ ਗਿਰਦ
ਵੇਲ੍ਹ ਮਛਲੀ ਦੇ ਵਾਂਗ
ਇਹ ਕੌਣ ਹੈ ?

ਅਛੋਪਲੇ ਅਛੋਪਲੇ ਆ ਰਿਹਾ ਮੇਰੇ ਕਰੀਬ
ਇਹ ਕਿਤੇ ਓਹੀ ਨਾ ਹੋਵੇ ।
ਆ ਰਿਹਾ ਮੇਰੇ ਕਰੀਬ ਹੋਰ ਕਰੀਬ ਹੋਰ ਕਰੀਬ
ਮੈਂ ਚਲਿਆ ਆ ਰਿਹਾ, ਮਾਰਦਾ ਪੈਂਡੇ
ਆਪਣੀ ਪ੍ਰਕਿਰਤਕ ਗਤੀ ਦੇ ਨਾਲ ਚਲੇ ਚਾਲ ।
ਕਦੇ ਰਿੜ੍ਹ ਕੇ, ਕਦੇ ਡਗਮਗਾਂਦੇ ਕਦਮਾਂ ਦੇ ਨਾਲ
ਕਦੇ ਦਰਿੜ੍ਹ ਅਤੇ ਸਵੈਮਾਨ ਪੂਰਨ ਕਦਮਾਂ ਦੇ ਨਾਲ
ਵਧ ਰਿਹਾਂ ਤੇ ਜਾਨਿਬ ਹੋ ਗਏ ਹਨ ਪੈਂਹਠ ਸਾਲ
ਪੈਂਹਠ ਵਰ੍ਹੇ ਤੇਰੇ ਨੇੜੇ ਹੋ ਗਿਆ ਹਾਂ ਹੋਰ ਮੈਂ
ਤੇਰਾ ਝਲਕਾਰਾ ਪੈਂਦਾ ਤਾਂ ਰਿਹਾ ਅਕਸਰ
ਕਦੇ ਕਿਸੇ ਪੜਾ ਤੇ, ਕਦੇ ਕਿਸੇ ਪੜਾ ਤੇ ।
ਪਰ ਤੂੰ, ਕਿਸੇ ਚੰਚਲ, ਅਲ੍ਹੜ ਪ੍ਰੇਮਕਾ ਦੇ ਵਾਂਗ
ਠੀਠੂ ਦਿਖਾਕੇ ਹੋਰ ਦੂਰ ਹੋ ਜਾਂਦੀ ਰਹੀ, ਰਕਾਨੇ ।

ਖਹਿੜਾ ਮੈਂ ਵੀ ਨਾ ਛਡਿਆ ਤਿਰਾ
ਭਾਵੇਂ ਇਸ ਜ਼ਿੰਦਗੀ ਨੇ ਤਾਂ ਮਾਰ ਹੀ ਛਡਿਆ ਨਿਰਾ
ਫੇਰ ਵੀ ਜ਼ਿੰਦਾ ਹਾਂ, ਤੇਰੇ ਲਈ
ਬਾਹਾਂ ਖੋਲ੍ਹੀ ਵਧ ਰਿਹਾ ਹਾਂ, ਤੇਰੇ ਵੱਲ
ਆਪਣੀ ਪ੍ਰਕਿਰਤਕ ਚਾਲ ਵਿਚ
ਛੂਹਣ ਦੇ ਮੇਰਾ ਅੱਗੇ ਵਧਿਆ ਹੱਥ
ਤੇਰੀ ਹੋਂਦ ਦਾ ਨਿਘ ਨੇੜੇ, ਹੋਰ ਨੇੜੇ
ਮਹਿਸੂਸਦਾ ਰਹਿੰਦਾ ਹਾਂ ਮੈਂ ਅਕਸਰ
ਤੇਰੇ ਪੈਰਾਂ ਦੀ ਵਿੜਕ, ਪੈਰ ਚਾਪ
ਸੁਣਦਾ ਰਹਿੰਦਾ ਹਾਂ ਮੈਂ ਅਕਸਰ
ਪਰ ਤੂੰ ਚੰਚਲੇ, ਚੋਚਲ ਨਾ ਛੱਡੇ
ਮੈਂ ਵੀ ਪਿਛਾ ਨਹੀਂ ਛਡਿਆ, ਨਹੀਂ ਛਡਣਾ ।

ਇਕ ਦਿਨ ਪੁਜ ਹੀ ਜਾਣਾ ਹੈ ਤੇਰੇ ਤੀਕ
ਮੈਨੂੰ ਯਕੀਨ ਹੈ, ਯਕੀਨ ਆਪਣੀ ਚਾਲ 'ਤੇ
ਤੇਰੇ ਮੁੱਖੜੇ ਦਾ ਘੁੰਡ ਚਾ ਹੀ ਦੇਣਾ ਹੈ ।
ਇਕ ਦਿਨ ਪਹੁੰਚ ਕੇ ਤੇਰੇ ਵੀ ਪਾਸ
ਨੱਸ ਲੈ, ਕਰ ਲੈ ਚੋਚਲੇ, ਟੂਣੇ ਹਾਰੀਏ
ਪਰ ਕਦੋਂ ਤਕ, ਕਿਤਨੀ ਕੁ ਦੇਰ ?
ਆ ਹੀ ਜਾਣਾ ਹੈ ਮੇਰੀਆਂ ਬਾਹਾਂ ਦੇ ਵਿਚ
ਸਵੇਰ ਜਾਂ ਅਵੇਰ—ਅਵੇਰ ਜਾਂ ਸਵੇਰ
ਇਹ ਮਿਲਨੀ ਤਾਂ ਹੋਣੀ ਹੀ ਹੈ ਅਵਸ਼
ਇਸ ਵਸਲ-ਛਿੰਨ ਨੂੰ ਕੌਣ ਰੋਕੇਗਾ ?
ਕੌਣ ਰੋਕ ਸਕਦਾ ਹੈ ?
ਕੋਈ ਨਹੀਂ-ਕੋਈ ਵੀ ਨਹੀਂ ।

Sri Satguru Jagjit Singh Ji eLibrary

NamdhariElibrary@gmail.com

# ਸੁਰਜੀਤ ਸਿੰਘ ਸਾਰੰਗੀ ਵਾਲਾ

ਲੰਮੇ ਕੱਦ ਵਾਲਾ ਸੁਰਜੀਤ ਬਹੁਤ ਸਾਊ ਤੇ ਭੋਲਾ ਵਿਅਕਤੀ ਲਗਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਮ੍ਰਤੀ ਵਿਚ ਲਖਨਊ ਸੰਮੇਲਨ ਸੰਨ ੧੯੭੯ ਇਕ ਮੀਲ ਪੱਥਰ ਸੀ। ਉਸ ਸੰਮੇਲਨ ਤੇ ਵਰਿਆਮ ਦਾ ਇਕ ਵਿਸ਼ੇਸ਼ ਅੰਕ ਕਢਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਸੱਦ ਕੇ ਕਿਹਾ ਕਿ ਦੋ ਬੱਚਿਆਂ ਦੀ ਤਸਵੀਰ ਜ਼ਰੂਰ ਖਿਚਵਾਉਣੀ ਹੈ। ਇਹਨਾਂ ਵਿਚੋਂ ਇਕ ਸੁਰਜੀਤ ਸਿੰਘ ਸੀ ਅਤੇ ਦੂਸਰਾ ਸੁਚਿੰਦਰ ਸਿੰਘ। ਇਹਨਾਂ ਦੋਹਾਂ ਬੱਚਿਆਂ 'ਚ ਕੀ ਖਾਸ ਗੱਲ ਸੀ ਮੈਨੂੰ ਨਹੀਂ ਸੀ ਪਤਾ। ਮੈਂ ਸੰਗੀਤ ਸੇਵਕਾਂ ਵਜੋਂ ਇਹਨਾਂ ਦੀ ਤਸਵੀਰ ਵਰਿਆਮ ਵਿਚ ਛਾਪ ਦਿਤੀ। ਕਾਰਨ ਉਦੋਂ ਨਹੀਂ ਸੀ ਪਤਾ ਪਰ ਅਜ ਪਤਾ ਹੈ।

ਸੁਰਜੀਤ ਸਿੰਘ ਸਾਰੰਗੀ ਦਾ ਕੁਸ਼ਲ ਕਲਾਕਾਰ ਬਣ ਕੇ ਸਾਹਮਣੇ ਆਇਆ ਹੈ।

ਇਹ ਸਾਰੰਗੀ ਢੱਡ ਸਾਰੰਗੀ ਵਾਲੀ ਨਹੀਂ ਸ਼ਾਸਤਰੀ ਕਲਾਕਾਰਾਂ ਵਾਲੀ ਹੈ। ਸਾਰੰਗੀ ਬਾਰੇ ਕਈ ਕਹਿੰਦੇ ਸੁਣੇ ਗਏ ਹਨ ਕਿ ਇਸ ਦੇ ਗਜ਼ ਨੂੰ ਤਾਰ ਤੇ ਫੇਰਨ ਨਾਲ ਹੀ ਮਜ਼ਾ ਆ ਜਾਂਦਾ ਹੈ ਪਰ ਇਹ ਸਾਜ਼ ਜਿੰਨਾ ਮਿੱਠਾ ਹੈ ਛੋਟਾ ਹੈ ਓਨਾ ਹੀ ਔਖਾ ਵੀ ਢੱਡ ਸਾਰੰਗੀ ਵਾਲੇ ਢਾਡੀਆਂ ਦੀ ਗੱਲ ਲਿਖੀ ਹੈ ਤਾਂ ਕੇਵਲ ਫਰਕ ਦਸਣ ਵਾਸਤੇ। ਉਸ ਵਿਚ ਹੇਠਲੀਆਂ ਤਰਬਾਂ ਜਾਂ ਤੇ ਹੁੰਦੀਆਂ ਨਹੀਂ ਜਾਂ ਕੰਮ ਨਹੀਂ ਲਿਆ ਜਾਂਦਾ। ਉਹਨਾਂ ਨੂੰ ਬਹੁਤੀ ਲੋੜ ਵੀ ਨਹੀਂ ਹੁੰਦੀ। ਜਿਹੜੀਆਂ ਗੀਤਾਂ ਧੁਨਾਂ ਉਹਨਾਂ ਵਜਾਉਣੀਆਂ ਹੁੰਦੀਆਂ ਹਨ ਉਹ ਉਂਗਲਾਂ ਤੇ ਗਿਣੀਆਂ ਜਾ ਸਕਦੀਆਂ ਹਨ। ਉਹਨਾਂ ਦੀ ਖੂਬੀ ਇਹਨਾਂ ਤਰਜ਼ਾਂ ਦਾ ਬਾਰ ਬਾਰ ਅਭਿਆਸ ਕਰਨ ਵਿਚ ਹੈ।

ਜਿਹੜੀ ਸਾਰੰਗੀ ਸ਼ਾਸਤਰੀ ਸੰਗੀਤ ਨਾਲ ਵਜਦੀ ਹੈ ਉਹਦਾ ਬਹੁਤ ਪੰਚਾਇਤੀ ਕੰਮ ਹੁੰਦਾ ਹੈ। ਬਹੁਤ ਸਾਰੀਆਂ ਤਰਬਾਂ (ਤਾਰਾਂ) ਨੂੰ ਸੁਰ ਕਰਕੇ ਮੇਲਨਾ ਪੈਂਦਾ ਹੈ (ਤੇ ਸੁਰ ਕਰਨਾ ਅਜ ਕਲ੍ਹ ਦੇ ਬਹੁਤਿਆਂ ਸੰਗੀਤ ਦੇ ਐਮਏਆਂ ਨੂੰ ਨਹੀਂ ਆਉਂਦਾ)। ਫੇਰ ਸਾਰੰਗੀ ਦੀਆਂ ਤਾਰਾਂ ਤੋਂ ਸੁਰਾਂ ਵੀ ਅੰਦਾਜ਼ੇ ਨਾਲ ਕਢਣੀਆਂ ਪੈਂਦੀਆਂ ਹਨ। ਹਾਰਮੋਨੀਅਮ ਸਿਤਾਰ ਜਾਂ ਬੰਸਰੀ ਵਾਂਗ ਇਹਨਾਂ ਸੁਰਾਂ ਵਾਸਤੇ ਪਰਦੇ ਨਹੀਂ ਲੱਗੇ ਹੁੰਦੇ ਜਿਹਨਾਂ ਦਾ ਕੋਈ ਆਸਰਾ ਹੋਵੇ। ਇਹ ਹੀ ਕਾਰਨ ਹੈ ਕਿ ਜੇ ਪੰਜਾਬ ਦੇ ਢਾਡੀਆਂ ਨੂੰ ਲਾਂਭੇ ਕਰ ਦਈਏ, ਜਿਨ੍ਹਾਂ ਦੀਆਂ ਵਾਰਾਂ ਦਿਲਾਂ ਨੂੰ ਧੂਹਾਂ ਪਾਉਂਦੀਆਂ ਹਨ ਤਾਂ ਬਾਕੀ ਸਾਰੰਗੀ ਵਾਦਕ ਲਭਦਾ ਕਿਹੜਾ ਹੈ?

ਗਲ ਪੰਜਾਬ ਦੀ ਹੀ ਨਹੀਂ ਸਮੂਚੇ ਭਾਰਤ ਦੇ ਸੰਗੀਤ




ਜਗਤ ਦੀ ਵੀ ਇਹ ਹੈ। ਸਾਰੰਗੀ ਵਜਾਉਣਾ ਇਕ ਹੇਠੀ ਵਾਲਾ ਕੰਮ ਸਮਝਿਆ ਜਾਂਦਾ ਰਿਹਾ ਹੈ। ਇਸ ਦਾ ਨਾਮ ਕੋਠਿਆਂ ਨਾਲ ਜੁੜ ਗਿਆ। ਇਸ ਦੇ ਮੁਕਾਬਲੇ ਤੇ ਸਿਤਾਰ ਸੈਂਕੜੇ ਗੁਣਾਂ ਜਾਂ ਜ਼ਿਆਦਾ ਮਸ਼ਹੂਰ ਹੋਈ। ਘਰ ਘਰ ਸਿਤਾਰ ਵਜ ਰਹੀ ਹੈ।

ਮਨੁੱਖੀ ਗਲੇ ਵਿਚੋਂ ਨਿਕਲੀ ਅਵਾਜ਼ ਦੀ ਰੀਸ ਜੇ ਕੋਈ ਸਾਜ਼ ਸਭ ਤੋਂ ਵਧ ਯੋਗਤਾ ਨਾਲ ਕਰ ਸਕਦਾ ਹੈ ਤਾਂ ਉਹ ਸਾਰੰਗੀ ਹੈ ਜੋ ਧੁਰ ਹਿਰਦੇ ਨੂੰ ਝਕਝੋਰ ਸਕਦਾ ਹੈ। ਇਹ ਸੁਣਨ ਵਿਚ ਜਿੰਨਾ ਮਨ ਮੋਹੰਦਾ ਹੈ ਓਨਾ ਹੀ ਇਸ ਸਾਜ਼ ਨੂੰ ਅਪਨਾਉਣ ਤੋਂ ਕਲਾਕਾਰਾਂ ਨੇ ਪ੍ਰਹੇਜ਼ ਕੀਤਾ। ਅਤੇ ਸੰਨ ੧੯੮੯ ਨੂੰ ਤਾਂ ਭੁਪਾਲ ਵਿਚ ਇਕ ਸਾਰੰਗੀ ਮੇਲਾ ਹੀ ਇਸੇ ਕਰਕੇ ਕੀਤਾ ਗਿਆ ਕਿ ਇਸ ਸਾਜ਼ ਨੂੰ ਬਚਾਇਆ ਜਾਵੇ।

ਪਰ ਇਕ ਨਾਮ ਭਾਰਤ ਵਿਚ ਐਸਾ ਵੀ ਹੈ ਜੋ ਸਾਰੰਗੀ ਦਾ ਹੀ ਸਮਰੂਪ ਹੋ ਗਿਆ ਹੈ। ...


Sri Satguru Jagjit Singh Ji eLibrary NamdhariElibrary@gmail.com

ਪਾਵਨ ਨਾਮ ਹੈ ਜਿਸ ਨੇ ਸਾਰੰਗੀ ਨੂੰ ਸਿੰਘਾਸਨ ਤੇ ਬਿਠਾ ਦਿਤਾ ਹੈ। ਕੁਲ ਦੁਨੀਆ ਦੇ ਸੰਗੀਤ ਪ੍ਰੇਮੀ ਲੋਕਾਂ ਨੂੰ ਪੰਡਿਤ ਜੀ ਨੇ ਸਾਰੰਗੀ ਦੀਆਂ ਸੁਰਾਂ ਸ਼ਰੁਤੀਆ ਨਾਲ ਮੋਹਿਆ ਹੈ। ਉਹਨਾਂ ਸਾਰੰਗੀ ਅਤੇ ਸਾਰੰਗੀ ਦੇ ਕਲਾਕਾਰਾਂ ਨੂੰ ਉਚ ਸਥਾਨ ਦਵਾਇਆ ਹੈ। ਸਾਰੰਗੀ ਕੇਵਲ ਗਾਣ ਵਾਲਿਆਂ ਦੇ ਨਾਲ ਨਾਲ ਵਜਾਉਣ ਵਾਲਾ ਸਾਜ਼ ਹੀ ਨਹੀਂ ਰਿਹਾ ਸਗੋਂ ਵਖਰਾ ਸੁਤੰਤਰ ਵਾਦਨ ਵਾਲੇ ਸਾਜ਼ ਵਜੋਂ ਵੀ ਉਭਰਿਆ ਹੈ।

ਇਸ ਪਰਸੰਗ ਵਿਚ ਹੀ ਸੁਰਜੀਤ ਨੂੰ ਰੱਖ ਕੇ ਵੇਖਣਾ ਚਾਹੀਦਾ ਹੈ। ਗਲ ਪੂਰਬਲੇ ਜਨਮਾਂ ਦੇ ਅੰਕੁਰ ਦੀ ਕਹੀਏ ਨਜ਼ਰ ਦੀ ਕਹੀਏ ਮਿਹਰ ਦੀ ਜਾਂ ਕਿਰਪਾ ਦ੍ਰਿਸ਼ਟੀ ਦੀ, ਲਖਨਊ ਸੰਮੇਲਨ ਵਿਚ ਸਤਿਗੁਰੂ ਜਗਜੀਤ ਸਿੰਘ ਵਲੋਂ ਸੁਰਜੀਤ ਬੱਚੇ ਵਲ ਅਪਣਾਈ ਪਹੁੰਚ ਸਭ ਕੁਝ ਹੀ ਸੀ। ਅੰਕੁਰ ਦਾ ਪ੍ਰਗਟਾਅ, ਨਜ਼ਰ ਮਿਹਰ ਤੇ ਕਿਰਪਾ।

ਨਾਦ ਬ੍ਰਹਮ ਜਿਹੇ ਵਿਸ਼ਾਲ ਹਿਰਦੇ ਵਾਲੇ ਤੇ ਨਾਦ ਬ੍ਰਹਮ ਦਾ ਸਰੂਪ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਸੁਰਜੀਤ ਨੂੰ ਵਖ ਵਖ ਸੰਗੀਤ ਗੁਰੂਆਂ ਦੀ ਸੰਗਤ ਬਾਅਦ ਪੰਡਿਤ ਰਾਮ ਨਰਾਇਣ ਜੀ ਦੀ ਸ਼ਰਨ ਪ੍ਰਾਪਤ ਹੋ ਗਈ। ਪੰਡਿਤ ਰਾਮ ਨਰਾਇਣ ਦਾ ਪਿਆਰ ਵੀ, ਕ੍ਰਿਪਾ ਦ੍ਰਿਸ਼ਟੀ ਵੀ ਤੇ ਸੰਗੀਤ ਨਿਧੀ ਵੀ ਸੁਰਜੀਤ ਲਈ ਖੁਲ੍ਹ ਗਏ। ਪੰਡਿਤ ਰਾਮ ਨਰਾਇਣ ਜੀ ਨੇ ਆਪਣੇ ਜਨਮ ਦਿਨ ਤੇ ਭਰੀ ਸਭਾ ਵਿਚ ਕਿਹਾ ਕਿ ਜਿਵੇਂ ਮੇਰੇ ਦੋ ਪੁਤਰ ਸ਼ਿਵ ਨਰਾਇਣ ਅਤੇ ਬਰਿਜ ਨਰਾਇਣ ਨੇ ਇਵੇਂ ਹੀ ਸੁਰਜੀਤ ਹੈ। ਆਉਣ ਵਾਲੇ ਸਮੇਂ ਵਿਚ ਇਹਦੇ ਤੇ ਪੂਰੀ ਆਸ ਹੈ ਕਿ ਚੰਗਾ ਵਜਾਏਗਾ।

ਸੁਰਜੀਤ ਸਿੰਘ ਨੇ ਅਨੇਕਾਂ ਸੰਗੀਤ ਸਮਾਗਮਾਂ ਤੇ ਸਾਰੰਗੀ ਤੇ ਸ਼ਾਸਤਰੀ ਰਾਗਾਂ ਦੇ ਅਲਾਪ ਜੋੜ, ਗਤਾਂ ਤਾਨਾਂ ਪਲਟੇ ਤੇ ਝਾਲੇ ਵਜਾਏ ਹਨ। ਵਡਿਆਂ ਮੇਲਿਆਂ ਤੇ ਭੈਣੀ ਸਾਹਿਬ ਦੀ ਆਸਾ ਦੀ ਵਾਰ ਵਿਚ ਜਦੋਂ ਉਸ ਦੀ ਸਾਰੰਗੀ ਗੂੰਜਦੀ ਹੈ ਤਾਂ ਪਰਮਾਤਮਾ ਸੁਣਦਾ ਹੋਇਆ ਖੁਦ ਦਿਸਦਾ ਹੈ। ਇਹ ਸੁਰਜੀਤ ਦੀ ਰੂਹ ਦੀ ਵਿਸ਼ਾਲਤਾ ਹੈ ਕਿ ਉਹ ਦੋਹਾਂ ਸਟੇਜਾਂ ਤੇ ਅਕੀਦਤ ਨਾਲ ਵਜਾਂਦਾ ਹੈ। ਇਕ ਸੁਹਿਰਦ ਕਲਾਕਾਰ ਦੇ ਗੁਣ ਉਹਦੇ ਵਿਚ ਹਨ।

ਸੁਰਜੀਤ ਦਾ ਜਨਮ ੨੯ ਅਪਰੈਲ ੧੯੬੧ ਨੂੰ ਹੋਇਆ। ਦਿੱਲੀ ਦੀ ਨਾਮਧਾਰੀ ਕਾਲੋਨੀ ਦੇ ਸੰਤ ਪਿਆਰਾ ਸਿੰਘ ਬਹੁਤ ਸਾਧੂ ਸੁਭਾਅ ਵਾਲੇ ਵਿਅਕਤੀ ਉਸ ਦੇ ਪਿਤਾ ਹਨ। ਮਾਤਾ ਸਵਿੰਦਰ ਕੌਰ ਹੈ। ਪੰਦਰਾਂ ਸਾਲ ਦੀ ਉਮਰ ਵਿਚ ਉਹ ਸੰਗੀਤ ਯਾਤਰਾ ਤੇ ਤੁਰਿਆ। ਪਹਿਲਾ ਉਸਤਾਦ ਸੀ ਸ. ਹਰਭਜਨ ਸਿੰਘ ਜਿਨ੍ਹਾਂ ਤੋਂ ਸੁਰਜੀਤ ਨੇ ਸੰਗੀਤ ਦੀ ਸ਼ੁਰੂਆਤ ਕੀਤੀ। ਹਰਭਜਨ ਸਿੰਘ ਗਾਇਣ ਅਤੇ ਸਿਤਾਰ ਵਾਦਨ ਦੇ ਮਾਹਰ ਹਨ। ਸ਼ਾਸਤਰੀ ਗਾਣੇ ਦੀ ਮੁਢਲੀ ਸੋਝਾ ਹਰਭਜਨ ਸਿੰਘ ਨੇ ਹੀ ਦੇ ਕੇ ਸੰਗੀਤ ਦੀ ਸੂਝ ਸੁਰਜੀਤ ਦੇ ਦਿਮਾਗ ਵਿਚ ਬੈਠਾ ਦਿਤੀ। ਉਸ ਤੋਂ ਬਾਅਦ ਦੂਸਰੇ ਉਸਤਾਦ ਸਨ ਹਰਭਜਨ ਸਿੰਘ ਜੀ ਦੇ ਹੀ ਸਾਥੀ ਤੇ ਗੁਰਭਾਈ ਗੁਰਦੇਵ ਸਿੰਘ ਜਿਨ੍ਹਾਂ ਤੋਂ ਸਰੋਦ ਵਜਾਉਣ ਦੀ ਕਲਾ ਸਿਖੀ।

ਸੰਨ ੧੯੭੮ ਵਿਚ ਸਤਾਰਾਂ ਸਾਲ ਦੀ ਉਮਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਭਾਰਤੀ ਸੰਗੀਤ ਦੇ ਗੌਰਵ ਪੰਡਿਤ ਰਾਮ ਨਰਾਇਣ ਦੇ ਚਰਨੀਂ ਲਾ ਦਿਤਾ। ਇਸ ਤਰ੍ਹਾਂ ਪੰਡਿਤ ਰਾਮ ਨਰਾਇਣ ਜੀ ਦੇ ਸੁਰ ਸਾਗਰ ਵਿਚ ਤਾਰੀਆਂ ਲਾਉਣ ਦਾ ਅਵਸਰ ਖੁਲ੍ਹ ਕੇ ਮਿਲ ਗਿਆ।

ਪਹਿਲੇ ਤਿੰਨ ਸਾਲ ਤਾਂ ਬੰਬਈ ਵਿਚ ਹੀ ਲਗਾਤਾਰ ਰਿਹਾ ਉਸ ਤੋਂ ਬਾਅਦ ਉਹ ਅਕਸਰ ਗੁਰੂ ਦਰਸ਼ਨਾਂ ਨੂੰ ਜਾਂਦਾ ਹੈ।

ਸੁਰਜੀਤ ਨੇ ਨਾਮਧਾਰੀਆਂ ਵਲੋਂ ਹੁੰਦੇ ਵਖ ਵਖ ਸ਼ਹਿਰਾਂ ਵਿਚ ਸੰਗੀਤ ਸਮਾਗਮਾਂ ਵਿਚ ਤਾਂ ਵਜਾਇਆ ਹੀ ਹੈ ਪੰਡਿਤ ਰਾਮ ਨਰਾਇਣ ਜੀ ਨੇ ਆਪ ਵੀ ਆਪਣੇ ਨਾਲ ਸਟੇਜਾਂ ਤੇ ਵਜਵਾਇਆ। ਉਸਤਾਦ ਅਲਾਉਦੀਨ ਖਾਂ ਸਾਹਿਬ ਦੀ ਯਾਦ ਵਿਚ ਮਈਅਰ ਵਿਚ ਹੋਣ ਵਾਲੇ ਸੰਮੇਲਨ ਵਿਚ ੧੯੮੭ ਵਿਚ ਗੁਰੂ ਜੀ ਨਾਲ ਬਿਠਾ ਕੇ ਸੁਰਜੀਤ ਤੋਂ ਸਾਜ਼ ਵਜਵਾਇਆ। ਗੁਰੂ-ਸ਼ਿਸ਼ ਪਰੰਪਰਾ ਸਮਾਗਮ ਭੁਪਾਲ ਵਿਚ ੧੯੮੯ ਵਿਚ ਪੰਡਿਤ ਜੀ ਤੋਂ ਪਹਿਲਾਂ ਸੁਰਜੀਤ ਨੇ ਪ੍ਰੋਗਰਾਮ ਦਿਤਾ। ਸਾਰੰਗੀ ਮੇਲਾ ਭੁਪਾਲ ੧੯੮੯ ਵਿਚ ਵੀ ਸੁਰਜੀਤ ਨੇ ਕਲਾ ਦਾ ਪ੍ਰਦਰਸ਼ਨ ਕੀਤਾ। ਲਖਨਊ ਸੰਮੇਲਨ ੧੯੯੦ ਵਿਚ ਸੁਖਵਿੰਦਰ ਸਿੰਘ ਪਿੰਕੀ ਦੇ ਤਬਲਾ ਸਹਿਯੋਗ ਨਾਲ ਕਾਰਜ-ਕਰਮ ਕੀਤਾ। ਬੰਗਲੌਰ ਵਿਚ ਵੀ ਸੁਰਜੀਤ ਸਿੰਘ ਦੀ ਸਾਰੰਗੀ ਦਾ ਲੋਕਾਂ ਰਸ ਮਾਣਿਆ ਹੈ। ਦਿੱਲੀ, ਮੰਡੀ, ਜੰਮੂ, ਜਲੰਧਰ, ਹਿਸਾਰ, ਭਵਾਨੀ ਤੇ ਹੋਰ ਸ਼ਹਿਰਾਂ ਤੋਂ ਇਲਾਵਾ ਦੇਸ਼ੋਂ ਬਾਹਰ ਤਨਜ਼ਾਨੀਆਂ ਤੇ ਥਾਈਲੈਂਡ ਦੇ ਸਰੋਤਿਆਂ ਸਨਮੁਖ ਵੀ ਸੁਰਜੀਤ ਦੇ ਸਫਲ ਪ੍ਰੋਗਰਾਮ ਹੋਏ ਹਨ।

ਇਕ ਵਾਰ ਸੁਰਜੀਤ ਨੇ ਇਕ ਪੁੱਛ ਦੇ ਉਤਰ ਵਿਚ ਪੰਡਿਤ ਰਾਮ ਨਰਾਇਣ ਜੀ ਦੇ ਸਿਖਾਉਣ ਢੰਗ ਬਾਰੇ ਦਸਿਆ ਕਿ ਗੁਰੂ ਜੀ ਦੋ ਘੰਟੇ ਬੈਠਦੇ ਹਨ। ਉਹ ਸਾਰੰਗੀ ਵਜਾਉਂਦੇ ਹਨ ਨਾਲ ਅਸੀਂ ਵਜਾਉਂਦੇ ਹਾਂ। ਫੇਰ ਘੰਟਾ ਦੋ ਘੰਟੇ ਅਭਿਆਸ ਕਰਾਉਂਦੇ ਹਨ ਤੇ ਆਗਿਆ ਦਿੰਦੇ ਹਨ ਕਿ ਘਰ ਜਾ ਕੇ ਅਭਿਆਸ ਕਰੋ। ਉਹ ਆਪਣੇ ਬੱਚਿਆਂ ਵਾਂਗ ਪ੍ਰੇਮ ਕਰਦੇ ਨੇ।

ਸੁਰਜੀਤ ਨੇ ਸਾਰਾ ਜੀਵਨ ਸੰਗੀਤ ਨੂੰ ਸਮਰਪਿਤ ਕੀਤਾ ਹੈ। ਉਹ ਕਹਿੰਦਾ ਹੈ ਕਿ ਇਹ ਸਾਰੀ ਕਿਰਪਾ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੈ। ਇਕ


Sri Satguru Jagjit Singh Ji eLibrary NamdhariElibrary@gmail.com

ਵਾਰ ਮਨ ਵਿਚ ਆਇਆ ਕਿ ਸਾਜ਼ ਛੱਡ ਦਿਆਂ ਪਰ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਜਿੰਨਾ ਖਰਚਾ ਚਾਹੀਦਾ ਹੈ ਲੈ ਲਿਆ ਕਰ ਪਰ ਸਾਜ਼ ਨਹੀਂ ਛੱਡਣਾ ।

ਸੁਰਜੀਤ ਸਿੰਘ ਵਿਚ ਸਾਦਗੀ ਹੈ ਨਿਰਮਾਣਤਾ ਹੈ । ਚਲਾਕੀ ਨਹੀਂ ਅਤੇ ਕੁਝ ਕੁ ਕਲਾਕਾਰਾਂ ਵਾਲੀ ਤਿਗੜਮਬਾਜ਼ੀ ਵੀ ਨਹੀਂ । ਸੰਤ ਸੁਭਾਅ ਹੈ ।

ਤਨਜ਼ਾਨੀਆ ਦੇ ਦੌਰੇ ਸਮੇਂ ਦਖਣੀ ਅਫਰੀਕਾ ਵਲ ਲਗਦੇ ਸ਼ਹਿਰ ਅਰੀਂਗਾ ਵਿਚ ਸਤਿਗੁਰੂ ਜੀ ਦਾ ਦੌਰਾ ਸੀ । ਦੁਪਹਿਰ ਬਾਅਦ ਦੇ ਕੀਰਤਨ ਵੇਲੇ ਸੁਰਜੀਤ ਥੋਹੜਾ ਜਿਹਾ ਦੇਰ ਨਾਲ ਦੀਵਾਨ ਵਿਚ ਪੁੱਜਾ । ਸਾਡਾ ਡੇਰਾ ਸਾਂਝਾ ਸੀ । ਸ਼ਾਮ ਨੂੰ ਮੈਂ ਪੁਛਿਆ ਸੁਰਜੀਤ ਤੂੰ ਦੀਵਾਨ ਵਿਚ ਲੇਟ ਕਿਉਂ ਪੁੱਜਾ । ਕਹਿਣ ਲਗਾ ਭਾ ਜੀ ਅਸੀਂ ਦੂਰ ਸੈਰ ਨੂੰ ਨਿਕਲ ਗਏ ਸੀ । ਨਾਲ ਸਾਡੇ ਬਹੁਤ ਵੱਡੇ ਵੱਡੇ ਬੰਦੇ ਸੀ । (ਉਸ ਨਾਮ ਲੈ ਕੇ ਵੀ ਦਸੇ) ਆਉਣ ਵਿਚ ਦੇਰੀ ਹੋ ਗਈ । ਮੈਂ ਸਮਝਾਇਆ ਸੁਰਜੀਤ ਤਨਜ਼ਾਨੀਆਂ ਬਹੁਤ ਸਾਰੇ ਲੋਕ ਆਏ ਹਨ ਜਿਨ੍ਹਾਂ ਦੀ ਆਪਣੇ ਆਪਣੇ ਖੇਤਰ ਵਿਚ ਵਿਸ਼ੇਸ਼ਤਾ ਹੈ । ਤੇਰੀ ਵਿਸ਼ੇਸ਼ਤਾ ਸਾਰੰਗੀ ਵਾਦਨ ਦੀ ਹੈ ਇਸੇ ਕਰਕੇ ਹੀ ਤੈਨੂੰ ਇਹ ਯਾਤਰਾ ਦਾ ਮਾਣ ਮਿਲਿਆ ਹੈ । ਦੁਨੀਆ ਦਾ ਕਿੱਡਾ ਵੀ ਵੱਡਾ ਕੰਮ ਕਰ ਲਵੇਂ ਕਿੰਨੇ ਵਡਿਆਂ ਬੰਦਿਆਂ ਨਾਲ ਫਿਰ ਲਵੇਂ ਪਰ ਜੇ ਤੂੰ ਸੰਗੀਤ ਕੀਰਤਨ ਵੇਲੇ ਦੇਰ ਨਾਲ ਪੁਜੇਂ ਤਾਂ ਗੱਲ ਕਿਤੇ ਨਾ ਕਿਤੇ ਗਲਤ ਹੋ ਜਾਂਦੀ ਹੈ ।

ਮੈਂ ਤਾਂ ਬਾਅਦ ਵਿਚ ਕੁਝ ਪਛਤਾਇਆ ਵੀ ਕਿ ਕਲਾਕਾਰ ਨੂੰ ਉਪਦੇਸ਼ ਦੇਣ ਲਗ ਪਿਆ । ਇਹ ਗੁੱਸਾ ਵੀ ਛੇਤੀ ਕਰ ਜਾਂਦੇ ਹਨ । ਇਹਨਾਂ ਦੇ ਮਾਮਲੇ ਵਿਚ ਕਾਹਨੂੰ ਆਉਣਾ ਸੀ ਅਤੇ ਇਹ ਮਾਮਲਾ ਵੀ ਕੋਈ ਹੈ ਨਹੀਂ ਸੀ ਪਰ ਸੁਰਜੀਤ ਨੇ ਗੁੱਸਾ ਨਹੀਂ ਕੀਤਾ ਸਗੋਂ ਮੇਰਾ ਧੰਨਵਾਦ ਵੀ ਕੀਤਾ ਤੇ ਉਸੇ ਵੇਲੇ ਜਾ ਕੇ ਸਤਿਗੁਰੂ ਜੀ ਤੋਂ ਦੇਰ ਨਾਲ ਹਾਜ਼ਰ ਹੋਣ ਦੀ ਮਾਫੀ ਮੰਗੀ ਤੇ ਸਤਿਗੁਰੂ ਜੀ ਦੀਆਂ ਅਪਾਰ ਖੁਸ਼ੀਆਂ ਲਈਆਂ ।

ਇਹ ਗੁਣ ਹਨ ਜੋ ਬਦੋਬਦੀ ਬਖਸ਼ਿਸ਼ਾਂ, ਅਸੀਸਾਂ ਅਤੇ ਆਸ਼ੀਰਵਾਦ ਲੈਂਦੇ ਹਨ ।

ਸੁਰਜੀਤ ਕੋਲ ਸੰਗੀਤ ਨਿਧੀ ਨਾਲ ਇਹਨਾਂ ਬਖਸ਼ਿਸ਼ਾਂ ਦਾ ਵੀ ਭੰਡਾਰ ਹੈ ।

# ਕਹਾਣੀਕਾਰ ਸੁਜਾਨ ਸਿੰਘ ਦੇ ਰੂਬਰੂ

ਜਲੰਧਰ—ਪੰਜਾਬੀ ਲੇਖਕ ਸਭਾ ਜਲੰਧਰ ਦੇ ਸਹਿਯੋਗ ਨਾਲ ਪੰਜਾਬ ਸਾਹਿਤ ਅਕਾਡਮੀਵਲੋਂ ੫ ਜੁਲਾਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਪ੍ਰਿੰ: ਸੁਜਾਨ ਸਿੰਘ ਦੇ ਰੂਬਰੂ ਸਮਾਰੋਹ ਆਯੋਜਿਤ ਕੀਤਾ ਗਿਆ । ਜਿਸ ਦੀ ਪ੍ਰਧਾਨਗੀ ਡਾ: ਰਘਬੀਰ ਸਿੰਘ ਨੇ ਕੀਤੀ । ਪ੍ਰਧਾਨਗੀ ਮੰਡਲ ਵਿਚ ਸ: ਜਗਦੀਸ਼ ਸਿੰਘ ਵਰਿਆਮ, ਕਾ. ਜਗਜੀਤ ਸਿੰਘ ਆਨੰਦ, ਸ੍ਰੀ ਹਰਨਾਮ ਦਾਸ ਸਹਿਰਾਈ ਵੀ ਸਨ । ਸਮਾਰੋਹ ਦੇ ਆਰੰਭ ਵਿਚ ਪ੍ਰੋ. ਵਰਿਆਮ ਸਿੰਘ ਸੰਧੂ ਨੇ ਪ੍ਰਿੰ: ਸੁਜਾਨ ਸਿੰਘ ਹੋਰਾਂ ਨੂੰ ਜੀ ਆਇਆਂ ਆਖਿਆ । ਪ੍ਰਿੰ: ਸੁਜਾਨ ਸਿੰਘ ਹੋਰਾਂ ਨੇ ਆਪਣੇ ਮੁਢਲੇ ਜੀਵਨ ਦੇ ਖੱਟੇ ਮਿੱਠੇ ਤਜਰਬੇ ਬਿਆਨ ਕਰਦਿਆਂ ਪੰਜਾਬੀ ਸਾਹਿਤ ਵਿਚ ਆਪਣੇ ਪ੍ਰਵੇਸ਼ ਬਾਰੇ ਦਸਿਆ ।

ਸੁਜਾਨ ਸਿੰਘ ਹੋਰਾਂ ਨਾਲ ਸਵਾਲਾਂ ਜੁਆਬਾਂ ਦੇ ਸਿਲਸਿਲੇ ਵਿਚ ਤਕਰੀਬਨ ੨੫ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ ਜਿਨ੍ਹਾਂ ਵਿਚ ਜ਼ਗੀਰ ਕਾਹਲੋਂ, ਕਰਨੈਲ ਸਿੰਘ ਨਿੱਝਰ, ਅਵਤਾਰ ਜੌੜਾ, ਤ੍ਰਿਲੋਚਨ ਸਿੰਘ ਭਾਟੀਆ, ਨੂਰ ਸੰਤੋਖਪੁਰੀ, ਸੰਤੋਖ ਸਿੰਘ ਸਫਰੀ. ਸ਼ਿਵਦੇਵ ਸੰਧਾਵਾਲੀਆ, ਹਰਭਜਨ ਸਿੰਘ ਹੁੰਦਲ ਆਦਿ ਦੇ ਨਾਂ ਵਰਣਨਯੋਗ ਹਨ । ਸਵਾਲਾਂ ਵਿਚ ਸੁਜਾਨ ਸਿੰਘ ਹੋਰਾਂ ਦੇ ਜੀਵਨ ਅਤੇ ਸਾਹਿਤ ਦੇ ਹਰ ਪੱਖ ਨੂੰ ਛੁਹਿਆ ਗਿਆ । ਸਾਹਿਤ ਦੀ ਪਰਿਭਾਸ਼ਾ ਤੋਂ ਲੈ ਕੇ ਮਿੰਨੀ ਕਹਾਣੀ ਦੀ ਸਾਰਥਕਤਾ ਬਾਰੇ ਪ੍ਰਸ਼ਨ ਪੁਛੇ ਗਏ । ਅੰਤ ਵਿਚ ਕਾ: ਜਗਜੀਤ ਸਿੰਘ ਆਨੰਦ ਅਤੇ ਡਾ: ਰਘਬੀਰ ਸਿੰਘ ਨੇ ਆਪਣੇ ਭਾਸ਼ਨਾਂ ਵਿਚ ਸੁਜਾਨ ਸਿੰਘ ਹੋਰਾਂ ਦੇ ਜੀਵਨ ਸੰਘਰਸ਼, ਵਿਚਾਰਾਂ ਪ੍ਰਤੀ ਸਮਰਪਨ ਅਤੇ ਸਾਹਿਤ ਸਿਰਜਨਾ ਦੀ ਭਰਪੂਰ ਪ੍ਰਸੰਸਾ ਕਰਦਿਆਂ ਉਨ੍ਹਾਂ ਦੇ ਸਾਰਥਕ ਜੀਵਨ ਉਤੇ ਉਨ੍ਹਾਂ ਨੂੰ ਵਧਾਈ ਦਿੱਤੀ ।

ਪੰਜਾਬ ਸਾਹਿਤ ਅਕਾਡਮੀ ਚੰਡੀਗੜ੍ਹ ਵਲੋਂ ਗੁਰਬਖਸ਼ ਸਿੰਘ ਬੰਨੋਆਣਾ ਨੇ ਪ੍ਰਿੰ: ਸਾਹਿਬ ਨੂੰ ਇਕ ਹਜ਼ਾਰ ਰੁਪਏ ਭੇਟ ਕੀਤੇ । ਸਭਾ ਦੇ ਪ੍ਰਧਾਨ ਸ: ਜਗਦੀਸ਼ ਸਿੰਘ ਵਰਿਆਮ ਨੇ ਪੰਜਾਬ ਸਾਹਿਤ ਅਕਾਦਮੀ, ਦੇਸ਼ ਭਗਤ ਯਾਦਗਾਰ ਕਮੇਟੀ, ਪ੍ਰਿੰ: ਸੁਜਾਨ ਸਿੰਘ ਤੇ ਸਮੂੰਹ ਪਧਾਰੇ ਸੱਜਣਾਂ ਦਾ ਧੰਨਵਾਦ ਕੀਤਾ । ਇਸ ਅਵਸਰ 'ਤੇ ਲੰਗਰ ਦੀ ਸੇਵਾ ਨਾਮਧਾਰੀ ਸੰਗਤ ਜਲੰਧਰ ਵਲੋਂ ਕੀਤੀ ਗਈ ।


Sri Satguru Jagjit Singh Ji eLibrary NamdhariElibrary@gmail.com

# ਰਾਏਕੋਟ ਦੇ ਸ਼ਹੀਦਾਂ ਨਮਿਤ ਮੇਲਾ

੫ ਅਗਸਤ ੧੮੭੧ ਨੂੰ ਰਾਇ ਕੋਟ ਵਿਚ ਸ਼ਹੀਦ ਹੋਣ ਵਾਲੇ ਨਾਮਧਾਰੀ ਸਿੰਘਾਂ ਸੰਤ ਮਸਤਾਨ ਸਿੰਘ, ਗੁਰਮੁਖ ਸਿੰਘ ਅਤੇ ਮੰਗਲ ਸਿੰਘ ਦੀ ਯਾਦ ਵਿਚ ਸਾਲਾਨਾ ਸ਼ਹੀਦੀ ਮੇਲਾ ਇਸ ਵਾਰ ੭ ਅਗਸਤ ੧੯੯੨ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਸੰਗਤ ਲੁਧਿਆਣਾ ਵਲੋਂ ਕੀਤਾ ਗਿਆ। ਮੇਲੇ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦੇ ਕੇ ਅਤੇ ਸ਼ੁਭ ਪਰਵਚਨਾਂ ਦੁਆਰਾ ਸ਼ਹੀਦਾਂ ਦੀ ਯਾਦ ਨੂੰ ਸੰਗਤਾਂ ਦੇ ਦਿਲਾਂ ਵਿਚ ਮੂਰਤੀਮਾਨ ਕੀਤਾ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਭੈਣੀ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਕੀਤਾ। ਫਿਰ ਸਵੇਰੇ ਨੌਂ ਤੋਂ ਚਾਰ ਵਜੇ ਬਾਅਦ ਦੁਪਹਿਰ ਤਕ ਸ਼ਹੀਦੀ ਦੀਵਾਨ ਸਜਿਆ। ਇਸ ਵਿਚ ਜਥੇਦਾਰ ਨਿਰਮਲ ਸਿੰਘ, ਜ: ਬਲਵੰਤ ਸਿੰਘ ਕਪੂਰਾ, ਜ: ਇਕਬਾਲ ਸਿੰਘ ਅਤੇ ਪੰਡਿਤ ਗੋਪਾਲ ਸਿੰਘ ਜੀ ਨੇ ਕ੍ਰਮਵਾਰ ਹੱਲੇ ਦੇ ਦੀਵਾਨ ਸਜਾਏ। ਇਕ ਘੰਟਾ ਸਾਮੂਹਿਕ ਨਾਮ ਸਿਮਰਨ ਹੋਇਆ। ਇਸ ਸਮੇਂ ਸ਼ਹੀਦਾਂ ਦੀ ਯਾਦ ਵਿਚ ਅਤੇ ਸਵ: ਪੰਡਿਤ ਰਾਜਿੰਦਰ ਸਿੰਘ ਜੀ, ਸੰਤ ਦਰਸ਼ਨ ਸਿੰਘ ਰਾਗੀ, ਜਥੇਦਾਰ ਕਰਤਾਰ ਸਿੰਘ ਹਿੰਮਤ-ਪੁਰਾ ਨਮਿਤ ਵੀ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਸ਼ਰ-ਧਾਂਜਲੀ ਤਕਰੀਰਾਂ ਪ੍ਰਿੰ: ਅਜੀਤ ਸਿੰਘ ਚੀਮਾ ਦੇ ਸਟੇਜ ਪਰਬੰਧ ਵਿਚ ਹੋਈਆਂ। ਸਭ ਤੋਂ ਪਹਿਲਾਂ ਪੰਡਿਤ ਗੋਪਾਲ ਸਿੰਘ ਜੀ ਸ਼ਹੀਦਾਂ ਅਤੇ ਸ. ਰਾਜਿੰਦਰ ਸਿੰਘ ਪ੍ਰਤਿ ਅਕੀਦਤ ਪੇਸ਼ ਕਰਦਿਆਂ ਸ. ਰਾਜਿੰਦਰ ਸਿੰਘ ਜੀ ਨੂੰ ਇਕ ਉੱਚਾ ਸਿੱਖ ਦਸਿਆ। ਸੰਪਾਦਕ ਵਰਿਆਮ ਨੇ ਰਾਜਿੰਦਰ ਸਿੰਘ ਜੀ ਦੀ ਸਾਹਿਤ ਅਤੇ ਪ੍ਰੈਸ ਪ੍ਰਤੀ ਲਗਨ ਨੂੰ ਯਾਦ ਕੀਤਾ। ਸੂਬਾ ਮੇਲਾ ਸਿੰਘ ਜੀ ਦੇ ਭਾਸ਼ਣ ਬਾਅਦ ਲੁਧਿਆਣਾ ਸ਼ਹਿਰੀ ਅਕਾਲੀ ਦਲ (ਮਾਨ) ਦੇ ਪ੍ਰਧਾਨ ਸ. ਹੀਰਾ ਸਿੰਘ ਗਾਬੜੀਆ ਨੇ ਵਲਵਲਾ ਅੰਗੇਜ਼ ਤਕਰੀਰ ਵਿਚ ਕਿਹਾ ਕਿ ਜੇ ਸਤਿਗੁਰੂ ਰਾਮ ਸਿੰਘ ਜੀ ਨਾ ਜੱਗ ਤੇ ਆਉਂਦੇ ਤਾਂ ਅੱਜ ਦੇਸ਼ ਆਜ਼ਾਦ ਨਹੀਂ ਸੀ ਹੋਣਾ। ਉਹਨਾਂ ਨੇ ਮਹਾਨ ਕੁਰਬਾ-ਨੀਆਂ ਕਰਨ ਵਾਲੇ ਪੈਦਾ ਕੀਤੇ। ਸਾਡੀ ਇਹ ਜ਼ੋਰਦਾਰ ਸ਼ਬਦਾਂ ਵਿਚ ਮੰਗ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਪਾਰਲੀਮੈਂਟ ਹਾਊਸ ਵਿਧਾਨ ਸਭਾਵਾਂ, ਪੰਜਾਬ ਦਿਆਂ ਡੀ. ਸੀ. ਐਸ. ਪੀ. ਅਤੇ ਹੋਰ ਦਫਤਰਾਂ 'ਚ ਲਾਈ ਜਾਣੀ ਚਾਹੀਦੀ ਹੈ।

ਸ. ਜਗਦੇਵ ਸਿੰਘ ਗੋਲਵੜੀਆ ਮਿਊਂਸਪਲ ਕੌਂਸਲਰ ਲੁਧਿਆਣਾ ਨੇ ਕਿਹਾ ਕਿ ਸਿੱਖ ਨੇ ਗਊ ਗਰੀਬ ਦੀ ਰਾਖੀ ਕਰਨੀ ਹੈ। ਕੁਰਬਾਨੀਆਂ ਦੀ ਨੀਂਹ ਤੇ ਕੌਮ ਦੀ ਇਮਾਰਤ ਖੜੀ ਹੈ। ਸਤਿਗੁਰੂ ਰਾਮ ਸਿੰਘ ਕੁਰਬਾਨੀਆਂ ਦੀ ਜੜ੍ਹ ਸਨ। ਜੜ੍ਹ ਨੂੰ ਯਾਦ ਰਖਣਾ ਜ਼ਰੂਰੀ ਹੈ। ਜਿਹੜੀਆਂ ਕੌਮਾਂ ਜੜ੍ਹ ਨੂੰ ਭੁੱਲ ਜਾਂਦੀਆਂ ਹਨ ਉਹ ਡਿੱਗ ਪੈਂਦੀਆਂ ਹਨ। ਰਾਇਕੋਟ ਦੇ ਸ਼ਹੀਦਾਂ ਦੀ ਯਾਦਗਾਰ ਲਈ ਵਧ ਚੜ੍ਹ ਕੇ ਡਿਊਟੀ ਨਿਭਾਵਾਂਗੇ।

ਇਸ ਅਵਸਰ ਤੇ ਸ: ਦਲੀਪ ਸਿੰਘ ਨਾਮਧਾਰੀ ਅਤੇ ਅਤੇ ਅਜੀਤ ਸਿੰਘ ਨਾਮਧਾਰੀ ਵੀ ਸ਼ਰਧਾਂਜਲੀ ਦੇਣ ਵਾਸਤੇ ਹਾਜ਼ਰ ਹੋਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਤ ਦਰਸ਼ਨ ਸਿੰਘ ਰਾਗੀ, ਜਥੇਦਾਰ ਕਰਤਾਰ ਸਿੰਘ ਹਿੰਮਤਪੁਰਾ ਪੰਡਿਤ ਰਾਜਿੰਦਰ ਸਿੰਘ ਜੀ ਦੇ ਗੁਣਾਂ ਨੂੰ ਯਾਦ ਕਰਾਉਂਦਿਆਂ ਸ਼ਹੀਦਾਂ ਬਾਰੇ ਬੋਲਦਿਆਂ ਕਿਹ ਕਿ ਸ. ਗਾਬੜੀਆ ਨੇ ਬਹੁਤ ਵਧੀਆ ਗੱਲਾਂ ਆਖੀਆਂ ਨੇ। ਨਾਮਧਾਰੀ ਸਿੰਘਾਂ ਨੂੰ ਅੰਗਰੇਜ਼ ਸਰਕਾਰ ਵਲੋਂ ਸਮੁੰਦਰ ਵਿਚ ਡੋਬ ਡੋਬ ਕੇ ਵੀ ਮਾਰਿਆ ਗਿਆ। ਇਹ ਗੱਲ ਕਮਲਾ ਅਕਾਲੀ ਦੀ ਪੁਸਤਕ ਵਿਚ ਵੀ ਲਿਖੀ ਗਈ ਹੈ। ਸ. ਸੋਹਣ ਸਿੰਘ ਭੱਕਨਾ ਨੇ ਇਕ ਮੁਲਾਕਾਤ ਵਿਚ (ਜੋ ਰਿਕਾਰਡ ਹੋਈ ਹੈ) ਵੀ ਇਹ ਗੱਲ ਦੱਸੀ ਸੀ। ਅੰਗਰੇਜ਼ਾਂ ਦੇ ਆਪਣੇ ਰਿਕਾਰਡ ਵਿਚ ਦਰਜ ਹੈ ਕਿ ਕੂਕਾ ਅੰਗਰੇਜ਼ ਦਾ ਵਫ਼ਾਦਾਰ ਨਹੀਂ ਹੋ ਸਕਦਾ। ਇਹ ਗੱਲ ਕਿਸੇ ਹੋਰ ਸ਼ਰੇਣੀ ਵਾਸਤੇ ਨਹੀਂ ਲਿਖੀ ਗਈ। ਸ਼ਹੀਦ ਤਾਂ ਹੋਰ ਵੀ ਹੋਏ ਨੇ। ਜਲ੍ਹਿਆਂ ਵਾਲੇ ਬਾਗ ਵਿਚ ਵੀ ਲੋਕ ਸ਼ਹੀਦ ਹੋਏ ਪਰ ਉਹ ਜਲਸਾ ਸੁਣਨ ਗਏ ਸਨ ਉਹਨਾਂ ਨੂੰ ਪਤਾ ਨਹੀਂ ਸੀ ਕਿ ਗੋਲੀ ਚਲੇਗੀ। ਪਰ ਇਹ ਨਾਮਧਾਰੀ ਸ਼ਹੀਦ ਤਾਂ ਗਏ ਹੀ ਮਰਨ ਵਾਸਤੇ ਸਨ ਜਿਵੇਂ ਵਿਆਹ ਤੇ ਜਾਈਦਾ ਹੈ। ਵਰਿਆਮ ਸਿੰਘ ਦਾ ਛੋਟਾ ਕੱਦ ਸੀ ਉਹ ਇੱਟਾਂ ਰੱਖ ਕੇ ਉੱਚਾ ਹੋ ਗਿਆ। ਬਿਸ਼ਨ ਸਿੰਘ ੧੨ ਸਾਲਾਂ ਦਾ ਸ਼ਹੀਦ ਸੀ ਉਸ ਅੰਗਰੇਜ਼ ਅਫਸਰ ਦੀ ਦਾਹੜੀ ਨੂੰ ਹੱਥ ਪਾਇਆ। ਇਹ ਪਵਿੱਤਰ ਸ਼ਹੀਦ ਸਨ। ਅੱਠੇ ਪਹਿਰ ਨਾਮ ਜਪਣ ਵਾਲੇ। ਸ਼ਹੀਦਾਂ ਨੂੰ ਦਿਸਦਾ ਸੀ ਕਿ ਸਾਹਮਣੇ ਸਤਿ-ਗੁਰੂ ਜੀ ਦਾ ਦਰਬਾਰ ਹੈ ਜਿਹੜਾ ਸ਼ਹੀਦ ਹੁੰਦਾ ਹੈ ਉਥੇ ਪੁੱਜ ਜਾਂਦਾ ਹੈ। ਇਹ ਸ਼ਹੀਦ ਨੀਂਹ ਦੀਆਂ ਇੱਟਾਂ ਸਨ। ਅੱਜ ਨੀਂਹ ਦੀ ਇੱਟ ਨਹੀਂ ਦਿਸ ਰਹੀ ਮੁਨਾਰੇ ਦਿਸਦੇ ਹਨ। ਸ਼ਹੀਦਾਂ ਦਾ ਜੱਸ ਕਿਤਾਬਾਂ ਲਿਖਣ ਵਾਲਿਆਂ ਤੋਂ ਲਿਖਿਆ ਨਹੀਂ ਜਾ ਰਿਹਾ। ਏਨੀ ਉਹਨਾਂ ਦੀ ਮਹਾਨਤਾ ਹੈ।

ਇਸ ਦੇ ਨਾਲ ਹੀ ਸਤਿਗੁਰੂ ਜੀ ਨੇ ਨਾਵੇਂ ਮਹਲੇ ਦੇ ਅਨੇਕਾਂ ਸਲੋਕਾਂ ਦਾ ਹਵਾਲਾ ਦੇ ਕੇ ਹਉਮੈ, ਮਮਤਾ, ਦੁਖ ਸੁਖ ਤਜਣ ਦੀ ਪ੍ਰੇਰਨਾ ਦਿਤੀ।

ਅੰਤ ਉਤੇ ਸੰਤ ਬਲਜੀਤ ਸਿੰਘ ਜੀ ਦੇ ਰਾਗੀ ਜਥੇ ਨੇ ਕਬੀਰ ਜੀ ਦੇ ਸਲੋਕ—

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥

ਤੇ ਆਧਾਰਤ ਪ੍ਰਮਾਣਾਂ ਨਾਲ ਕੀਰਤਨ ਕੀਤਾ ਅਤੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ।


Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਵਿਦਿਅਕ ਸੰਮੇਲਨ ਦਿੱਲੀ-੩

(ਪਿਛਲੇ ਦੋ ਅੰਕਾਂ ਵਿਚ ਨਾਮਧਾਰੀ ਵਿਦਿਅਕ ਜਥੇ (ਇਸਤਰੀ ਵਿੰਗ) ਦੇ ਦੋ ਦਿਨਾਂ ਵਾਰਸ਼ਿਕ ਸੰਮੇਲਨ ਦੀ ਰਿਪੋਰਟ ਪ੍ਰਕਾਸ਼ਤ ਹੋ ਚੁੱਕੀ ਹੈ। ਇਸ ਅੰਕ ਵਿਚ ਪੁਰਸ਼ਾਂ ਦੇ ੨੭ਵੇਂ ਸੰਮੇਲਨ ਦਾ ਪ੍ਰੋਗਰਾਮ ਪ੍ਰਕਾਸ਼ਤ ਕਰ ਰਹੇ ਹਾਂ।

—ਸੰਪਾਦਕ

੨੪ ਜੂਨ ੧੯੯੨ : ਨਵੀਂ ਦਿੱਲੀ ਨਾਮਧਾਰੀ ਧਰਮਸਾਲਾ ਦੇ ਹਾਲ ਦੀ ਥਾਂ ਸਮਾਗਮ ਦਾ ਮੁਖ ਅਸਥਾਨ ਬਾਹਰ ਖੁਲ੍ਹੇ ਮੈਦਾਨ ਵਿਚ ਕਰ ਦਿਤਾ ਗਿਆ ਸੀ। ਸੰਮੇਲਨ ਵਿਚ ਭਾਗ ਲੈਣ ਵਾਲੇ ਪ੍ਰਤੀਨਿਧਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸਾਧ ਸੰਗਤ ਨੇ ਇਸ ਸੰਮੇਲਨ ਨੂੰ ਇਕ ਬਹੁਤ ਵੱਡੇ ਮੇਲੇ ਦਾ ਰੂਪ ਦੇ ਦਿਤਾ ਸੀ।

ਅੱਠ ਵਜੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਪਧਾਰੇ। ਜੱਥੇ ਦੇ ਮੈਂਬਰਾਂ ਨੇ ਦੋਹੀਂ ਪਾਸੀਂ ਲੰਬੀਆਂ ਕਤਾਰਾਂ ਬਣਾ ਕੇ ਸੁਆਗਤ ਕੀਤਾ। ਫੁਲਾਂ ਨਾਲ ਸ਼ਿੰਗਾਰੇ ਰਸਤੇ ਰਾਹੀਂ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਆਸਣ ਤੇ ਬਰਾਜਮਾਨ ਹੋ ਗਏ ਅਤੇ ਆਲੇ ਦੁਆਲੇ ਵਿਦਿਅਕ ਜਥੇ ਦੇ ਕਾਰਕੁਨ ਅਤੇ ਪ੍ਰਤਿਸ਼ਟ ਵਿਅਕਤੀ ਸਸ਼ੋਭਤ ਹੋ ਗਏ। ਸਤਿਗੁਰੂ ਜੀ ਦਾ ਸਵਾਗਤ ਕਰਨ ਵਾਸਤੇ ਸੁੰਦਰ ਫੁਲਾਂ ਦੀਆਂ ਮਾਲਾਵਾਂ (ਹਾਰ) ਲੈ ਕੇ ਬਹੁਤ ਸਾਰੇ ਸੱਜਨ ਕਤਾਰ ਬੰਨ੍ਹ ਕੇ ਆਏ। ਸਤਿਗੁਰੂ ਜੀ ਨੇ ਰਸਮੀ ਤੌਰ ਤੇ ਜਥੇ ਦੇ ਪ੍ਰਧਾਨ ਸੰਤ ਦਲੀਪ ਸਿੰਘ ਤੋਂ ਹਾਰ ਪ੍ਰਵਾਨ ਕਰਕੇ ਰਖ ਦਿਤਾ, ਫੇਰ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ, ਸੂਬਾ ਸੁਖਦੇਵ ਸਿੰਘ ਜੀ, ਜਸਬੀਰ ਸਿੰਘ ਪ੍ਰਧਾਨ ਦਿੱਲੀ ਵਿਦਿਅਕ ਜੱਥੇ ਤੋਂ ਹਾਰ ਪ੍ਰਵਾਨ ਕਰਕੇ ਸਤਿਗੁਰੂ ਜੀ ਨੇ ਇਹ ਕਹਿ ਕੇ ਕਿ "ਬਸ ਬੜੇ ਨੇ ਏਨੇ" ਹਾਰ ਪੇਸ਼ ਕਰਨ ਦੀ ਰਸਮ ਨੂੰ ਸਮਾਪਤ ਕਰ ਦਿਤਾ।

ਸੰਮੇਲਨ ਦੀ ਸ਼ੁਰੂਆਤ ਸ਼ਹੀਦ ਬਿਸ਼ਨ ਸਿੰਘ ਸਕੂਲ ਦੇ ਵਿਦਿਆਰਥੀਆਂ ਦੁਆਰਾ ਸ਼ਬਦ "ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ" ਨੂੰ ਨਿਰਧਾਰਤ ਰਾਗ ਭੈਰਉ ਵਿਚ ਬਹੁਤ ਸੁਰੀਲੀ ਆਵਾਜ਼ ਵਿਚ ਪੜਤਾਲ ਰੂਪ ਵਿਚ ਗਾਉਣ ਨਾਲ ਹੋਈ।

ਸਭ ਤੋਂ ਪਹਿਲਾਂ ਕੇਂਦਰੀ ਜਥੇ ਦੇ ਪ੍ਰਧਾਨ ਸੰਤ ਦਲੀਪ ਸਿੰਘ ਜੀ ਦਾ ਸੁਆਗਤੀ ਭਾਸ਼ਨ ਹੋਇਆ। ਆਪ ਜੀ ਨੇ ਸਤਿਗੁਰੂ ਜੀ ਨੂੰ ਸੰਬੋਧਨ ਕਰਦਿਆਂ ਕਿਹਾ, "ਆਪ ਜੀ ਨੇ ਬਹੁਤ ਕਿਰਪਾ ਕੀਤੀ ਹੈ। ਅੱਜ ਤੋਂ ੩੦ ਸਾਲ ਪਹਿਲਾਂ ਨੌਜਵਾਨਾਂ ਸਬੰਧੀ ਨੌਜਵਾਨਾਂ ਦੇ ਭਵਿਖ ਬਾਰੇ ਆਪ ਜੀ ਨੇ ਜੋ ਸੋਚਿਆ ਉਸ ਨੂੰ ਅਜ ਸਾਕਾਰ ਹੁੰਦਿਆਂ ਹੋਇਆਂ ਵੇਖਕੇ ਅੱਜ ਸਾਰਾ ਨਾਮਧਾਰੀ ਪੰਥ ਗਦ ਗਦ ਕਰ ਰਿਹਾ ਹੈ। ਆਪ ਜੀ ਤੋਂ ਕੁਰਬਾਨ ਜਾ ਰਿਹਾ ਹੈ। ਆਪ ਜੀ ਦੀ ਇਸ ਦੂਰ ਅੰਦੇਸ਼ੀ ਸੋਚ ਨੂੰ ਅੱਜ ਸਾਰੀ ਦੁਨੀਆਂ ਵਿਚ ਇਸ ਬੂਟੇ ਨੂੰ ਫੈਲਿਆ ਹੋਇਆ ਵੇਖ ਕੇ ਮਨ ਖੁਸ਼ ਹੋ ਰਿਹਾ ਹੈ। ਆਪ ਜੀ ਦੀ ਕਿਰਪਾ ਨਾਲ ਇਹ ਨੌਜਵਾਨ ਸਤਾਰੇ ਜਿਥੇ ਜਿਥੇ ਵੀ ਪਹੁੰਚੇ ਉਥੇ ਜਾ ਕੇ ਨਾਮ ਨੂੰ ਰੁਸ਼ਨਾਇਆ ਹੈ...ਕਿਰਪਾ ਰਖਣੀ, ਚਰਨਾਂ ਦੇ ਲਾਗੇ ਰਖਣਾ ਆਪ ਜੀ ਨੇ ਕਿਰਪਾ ਕਰਨੀ ਹੈ।"......

ਇਸ ਉਪਰੰਤ ਦਿੱਲੀ ਦੇ ਪ੍ਰਧਾਨ ਸ. ਜਸਬੀਰ ਸਿੰਘ ਨੇ ਸੁਆਗਤੀ ਸ਼ਬਦ ਕਹੇ ਕਿ ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਪਿਆਰ ਤੇ ਸਨੇਹ ਦਿਤਾ ਹੈ। ਬਹੁਤ ਧੰਨਵਾਦ ਤੇ ਜੀਅ ਆਇਆਂ।

ਜੱਥੇ ਦੇ ਸਕੱਤਰ ਸ੍ਰੀ ਅਜੀਤ ਸਿੰਘ ਦੇ ਸਯੋਗ ਸਟੇਜ ਪ੍ਰਬੰਧ ਵਿਚ ਪ੍ਰਧਾਨ ਜੀ ਤੋਂ ਬਾਅਦ ਹੋਰ ਬੁਲਾਰੇ ਵੀ ਬੋਲੇ। ਮਾਸਟਰ ਨਿਹਾਲ ਸਿੰਘ ਜੀ, ਜਗਦੀਸ਼ ਸਿੰਘ ਵਰਿਆਮ, ਮਾ. ਅਜੀਤ ਸਿੰਘ ਚੀਮਾ ਤੇ ਹਰਵਿੰਦਰ ਸਿੰਘ ਹੰਸਪਾਲ। ਹੰਸਪਾਲ ਜੀ ਨੇ ਬਖਸ਼ਿਸ਼ ਮੰਗੀ ਕਿ ਸਾਡੇ ਵਿਚ ਅਉਗੁਣ ਪ੍ਰਵੇਸ਼ ਨਾ ਕਰਨ।

ਪੰਡਿਤ ਗੋਪਾਲ ਸਿੰਘ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜੋ ਧਰਮ ਦੀ ਰਖਿਆ ਕਰਦਾ ਹੈ ਧਰਮ ਉਸਦੀ ਰਖਿਆ ਕਰਦਾ ਹੈ। ਜੋ ਧਰਮ ਦਾ ਨਾਸ ਕਰਦਾ ਹੈ ਧਰਮ ਉਸਦਾ ਨਾਸ ਕਰਦਾ ਹੈ। ਉਹਨਾਂ ਬਹੁਤ ਜ਼ਰੂਰੀ ਗੱਲਾਂ ਤੋਂ ਨੌਜਵਾਨਾਂ ਨੂੰ ਜਾਣੂੰ ਕਰਵਾਂਦਿਆਂ ਕਿਹਾ ਕਿ ਛੋਟੇ ਨਾਲ ਪਿਆਰ ਕਰੋ, ਵੱਡਿਆਂ ਦਾ ਸਤਿਕਾਰ ਕਰੋ। ਮਾਤਾ ਪਿਤਾ ਦੀ ਇਜ਼ਤ ਕਰੋ। ਗੁਰੂ ਨੂੰ ਗੁਰੂ ਦੀ ਥਾਂ, ਮਾਤਾ ਪਿਤਾ ਨੂੰ ਆਪਣੀ ਥਾਂ, ਇਸਤਰੀ ਭੈਣ ਸਭ ਆਪਣੇ ਆਪਣੇ ਥਾਂ ਰਖਣੇ ਨੇ।...ਇਕ ਉਦਮ ਹੈ ਦੂਜੀ ਗੁਰੂ ਕਿਰਪਾ ਹੈ। ਨਿਰਾ ਉਦਮ ਵੀ ਕੁਝ ਨਹੀਂ ਕਰ ਸਕਦਾ, ਨਿਰੀ ਗੁਰੂ ਕਿਰਪਾ ਵੀ ਨਹੀਂ। ਅਸੀਂ ਉਦਮ ਕਰਾਂਗੇ, ਗੁਰੂ ਕਿਰਪਾ ਕਰੇਗਾ, ਸਾਡਾ ਬੇੜਾ ਪਾਰ ਹੋ ਜਾਵੇਗਾ। ਨਿਰੀ ਝੂਠੀ ਸਿਫਤ ਕਰੀ ਜਾਣੀ ਗਲਤ ਹੈ। ਜੇ ਆਤਮਾ ਉੱਚੀ ਨਹੀਂ ਹੋਈ ਤਾਂ ਸਭ ਬਾਹਰਲਾਂ ਅਡੰਬਰ ਹੈ। ਦੀਵਾਨ ਵਿਚ ਬੈਠਣ, ਮੱਥਾ ਟੇਕਣ ਸਤਿਕਾਰ ਕਰਨ ਦੀ ਜਾਚ ਅਸੀਂ ਸਿਖਣੀ ਹੈ। ਨਿਰੀ ਬੂੰਦੀ ਖਾ ਕੇ ਤੇ ਕੜਾਹ ਪ੍ਰਸ਼ਾਦ ਛੱਕ ਕੇ ਸੰਮੇਲਨ ਤੋਂ ਚਲੇ ਜਾਣਾ ਕੋਈ ਪ੍ਰਾਪਤੀ ਨਹੀਂ।......

ਅੰਤ ਉਤੇ ਸਤਿਗੁਰੂ ਜੀ ਨੇ ਆਪਣੇ ਪਰਵਚਨ ਵਿਚ ਆਸ਼ੀਰਵਾਦ ਦੇਂਦਿਆਂ ਆਪਣੇ ਮਨੋਭਾਵ ਪ੍ਰਗਟ ਕੀਤੇ।


Sri Satguru Jagjit Singh Ji eLibrary NamdhariElibrary@gmail.com

ਆਪ ਨੇ ਕਿਹਾ ਕਿ ਕਿਸਾਨ ਬੀ ਬੀਜਦਾ ਹੈ। ਜਿੰਨੇ ਬੀ ਬੀਜਦਾ ਹੈ ਉਨੇ ਉਗਦੇ ਨਹੀਂ। ਜਿੰਨੇ ਉਗਦੇ ਨੇ ਸਾਰਿਆਂ ਨੂੰ ਫਲ ਨਹੀਂ ਲਗਦਾ। ਜਿੰਨਾ ਫਲ ਲਗਦਾ ਹੈ ਉਹ ਸਾਰਾ ਘਰ ਨਹੀਂ ਆਉਂਦਾ ਕਿਸਾਨ ਫੇਰ ਵੀ ਜਤਨ ਨਹੀਂ ਛਡਦਾ ਅਸੀਂ ਬੱਚਿਆਂ ਨੂੰ ਇਕੱਠਿਆਂ ਕਰਦੇ ਹਾਂ ਇਸ ਦਾ ਨਤੀਜਾ ਸਾਹਮਣੇ ਆਉਂਦਾ ਹੈ। ਸੂਬਾ ਰੇਸ਼ਮ ਸਿੰਘ ਜੀ ਜਦੋਂ ਸੂਬਾ ਬਣੇ ਤਾਂ ਉਹ ਸਭ ਤੋਂ ਛੋਟੀ ਉਮਰ ਦੇ ਸੂਬਾ ਸਨ। ਉਹਨਾਂ ਕੈਨੇਡਾ ਵਿਚ ਪ੍ਰਭਾਵ ਵਧਾਇਆ। ਉੱਥੇ ਬਹੁਤੇ ਨਾਮਧਾਰੀ ਨਲਕੇ ਦੇ ਪਾਣੀ ਤੋਂ ਪਰਹੇਜ਼ ਕਰਦੇ ਨੇ। ਸੂਬਾ ਸੁਖਦੇਵ ਸਿੰਘ ਜੀ ਦੇ ਦਿੱਲੀ ਦੇ ਸੂਬਾ ਬਨਾਉਣ ਤੇ ਚਿਠੀਆਂ ਤੇ ਟੈਲੀਫੋਨ ਬਹੁਤ ਆਏ ਪਰਸੰਨਤਾ ਦੇ। ਸੁਖਦੇਵ ਸਿੰਘ ਨੌਜ-ਵਾਨ ਸੂਬਾ ਹਨ। ਦੂਜੇ ਨੌਜਵਾਨ ਵੀ ਏਨੀ ਜ਼ੁਮੇਵਾਰੀ ਸਮਝਣ।"......

ਸਤਿਗੁਰੂ ਜੀ ਨੇ ਅਹੰਕਾਰ ਦਾ ਤਿਆਗ ਕਰਕੇ ਗੁਰੂ ਮਾਰਗ ਤੇ ਚਲਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਗੁਰੂ ਕਦੇ ਤਾਂ ਦਿਆਲ ਹੋਵੇਗਾ। ਇਸ ਸਬੰਧ ਵਿਚ ਆਪ ਜੀ ਨੇ ਭਾਈ ਗੁਰਦਾਸ ਜੀ ਦੇ ਕਬਿਤ ਦਾ ਹਵਾਲਾ ਦਿਤਾ ਜਿਸ ਵਿਚ ਭਿਖਾਰੀ, ਕੁੱਤੇ ਅਤੇ ਪੈਰ ਦੀ ਜੁਤੀ ਦੀ ਮਿਸਾਲ ਦਿਤੀ ਹੈ ਕਿ ਉਹ ਵੀ ਮਾਲਕ ਦੇ ਦਰ ਤੇ ਪਰਵਾਨਗੀ ਲੈ ਲੈਂਦੇ ਹਨ। ਪੂਰਾ ਕਬਿਤ ਸਤਿਗੁਰੂ ਜੀ ਨੇ ਸੁਣਾਇਆ।

ਆਵਤ ਹੈ ਜਾ ਕੇ ਦੁਆਰ ਮਾਗਨ ਭਿਖਾਰੀ ਦੀਨ
ਦੇਖਤ ਅਧੀਨਤਾ ਨਿਰਾਸੋ ਬਿਡਾਰ ਹੈ।
ਬੈਠਤ ਹੈ ਜਾ ਕੇ ਦੁਆਰ ਆਸਾ ਕੈ ਬਿਡਾਰ ਸ੍ਵਾਨ
ਅੰਤ ਕਰਨਾ ਕੈ ਤੋਰ ਟੂਕ ਤਾਹਿ ਡਾਰ ਹੈ।
ਪਾਇਨ ਕੀ ਪਨਹੀ ਰਹਿਤ ਪਰਹਰੀ ਪਰੀ
ਤਾਹੂ ਕਾਹੂ ਕਾਜ ਉਠ ਚਲਤ ਸਮਾਰ ਹੈ।
ਛਾਡ ਅਹੰਕਾਰ ਛਾਰ ਹੋਇ ਗੁਰੂ ਮਾਰਗ ਮੈ
ਕਬਹੂ ਦਯਾ ਕੈ ਆਨ ਦਯਾਲ ਪਗ ਧਾਰ ਹੈ।

ਇਸੇ ਪਰਸੰਗ ਵਿਚ ਆਪ ਜੀ ਨੇ ਕਬੀਰ ਦਾ ਦੋਹਰਾ ਉਚਾਰਨ ਕੀਤਾ—

ਕਬੀਰ ਕੇਸੋ ਕੇਸੋ ਕੂਕੀਐ ਨਾ ਸੋਈਐ ਅਸਾਰ
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ।

ਆਪ ਜੀ ਨੇ ਕਿਹਾ ਕਿ ਐਸਾ ਰਾਹ ਅਖਤਿਆਰ ਕਰੋ ਕਿ ਦੁਨੀਆ ਵਿਚ ਰਹਿੰਦਿਆਂ ਧਿਆਨ ਇਸ ਪਾਸੇ (ਗੁਰੂ) ਵਲ ਹੋਵੇ। ਸਾਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ। ਗੁਰਮੁਖ ਸਿੰਘ (ਸਤਿਗੁਰੂ ਜੀ ਪਹਿਲੇ ਡਰਾਈਵਰ) ਦੇ ਬਚਪਨ ਦਾ ਜ਼ਿਕਰ ਕੀਤਾ ਜਿਸ ਨੂੰ ਦਰਸ਼ਨ ਹੋਏ ਸਨ।

ਸਤਿਗੁਰੂ ਜੀ ਮਾਰਗ ਸੁਝਾਇਆ ਕਿ ਸਾਧੂਆਂ ਦੀ ਸੰਗਤ ਕਰੋ। ਚੰਗੀਆਂ ਪੁਸਤਕਾਂ ਦੀ ਸੰਗਤ 'ਚ ਰਹੋ। ਨਰਾਇਣ ਹਰੀ ਉਪਦੇਸ਼ ਜ਼ਰੂਰ ਪੜ੍ਹਿਆ ਕਰੋ।

ਸਤਿਗੁਰੂ ਜੀ ਦਾ ਪਾਵਨ ਉਪਦੇਸ਼ ਧੁਰ ਅੰਤਰ ਆਤਮਾ ਨੂੰ ਹਲੂਣ ਰਿਹਾ ਸੀ। ਵਕਤ ਖਲੋ ਗਿਆ ਜਾਪਦਾ ਸੀ। ਅਹਿਲ ਅਡੋਲ ਹੋਈਆਂ ਸੰਗਤਾਂ ਅਨੇਕਾਂ ਪਰਮਾਣ ਸੁਣ ਕੇ ਆਲਾ-ਦੁਆਲਾ ਭੁੱਲ ਗਈਆਂ ਸਨ। ਪੂਰਨ ਖਾਮੋਸ਼ੀ ਵਿਚ ਸਤਿਗੁਰਾਂ ਨੇ ਨਾਮ ਸਿਮਰਨ ਲਈ ਆਗ੍ਰਹਿ ਕਰਦੇ ਹੋਏ ਭਗਤ ਨਾਮਦੇਵ ਜੀ ਦੇ ਸ਼ਬਦ 'ਚੋਂ ਇਕ ਟੂਕ ਦੇ ਕੇ ਪਰਵਚਨ ਸੰਪੂਰਨ ਕੀਤਾ।

ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ॥
ਤੈਸੇ ਸੰਤ ਜਨਾਂ ਰਾਮ ਨਾਮੁ ਛਾਡੈਂ॥

ਵਿਦਿਅਕ ਜਥੇ ਦੇ ਇਸ ਸਤਾਈਵੇਂ ਸਮਾਗਮ ਦੇ ਦਿਨ ਗਹਿ ਗੱਚ ਸਰਗਰਮੀਆਂ ਦੇ ਸਨ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਤਿੰਨ ਵਜੇ ਤੋਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੁੰਦਾ ਦੁਪਹਿਰ ਬਾਅਦ ਇਕ ਘੰਟਾ ਨਾਮ ਸਿਮਰਨ ਅਤੇ ਰਾਗੀਆਂ ਦਾ ਕੀਰਤਨ ਵੀ ਹਜ਼ੂਰੀ ਦੀਵਾਨ ਹੀ ਹੁੰਦਾ। ਇਸ ਸਮੇਂ ਤਾਂ ਸੰਗਤਾਂ ਦਾ ਪਾਰਾਵਾਰ ਨਾ ਰਹਿੰਦਾ ਅਤੇ ਸਤਿਗੁਰੂ ਜੀ ਨੂੰ ਨਮਸਕਾਰ ਕਰਨ ਵਾਲੀਆਂ ਸੰਗਤਾਂ ਦਾ ਸਿਲਸਿਲਾ ਚਲਦਾ ਹੀ ਰਹਿੰਦਾ। ਸਵੇਰ ਦੇ ਜਲ ਪਾਣ, ਦੁਪਹਿਰ ਤੇ ਰਾਤ ਨੂੰ ਪ੍ਰਸ਼ਾਦਾ ਪਾਣੀ ਛਕਣ ਤੇ ਸਮਾਂ ਲਗਦਾ। ਇਸ ਸਮੇਂ ਤੋਂ ਇਲਾਵਾ ਦਿਨ ਰਾਤ ਮੁਕਾਬਲੇ ਤੇ ਹੋਰ ਗਤੀਵਿਧੀਆਂ ਚਲਦੀਆਂ ਰਹਿੰਦੀਆਂ। ਇਕ ਪਾਸੇ ਵਿਸ਼ੇਸ਼ ਕੈਮਰਾਮੈਨ ਮੈਂਬਰਾਂ ਦੀਆਂ ਤਸਵੀਰਾਂ ਖਿਚਦਾ ਅਤੇ ਉਹ ਪਛਾਣ ਪਤਰਾਂ ਤੇ ਲਗ ਕੇ ਮੈਂਬਰਾਂ ਦੀਆਂ ਛਾਤੀਆਂ ਤੇ ਆ ਜਾਂਦੀਆਂ। ਦੂਜੇ ਪਾਸੇ ਭਾਸ਼ਣ ਹੋ ਰਹੇ ਹਨ, ਤੀਜੇ ਪਾਸੇ ਲੇਖ ਲਿਖਣ ਦੇ ਮੁਕਾਬਲੇ ਹਨ। ਸ਼ੁਧ ਪਾਠ ਉਚਾਰਨ ਦੇ ਮੁਕਾਬਲੇ ਵਿਚ ਜੱਜ ਲਗ ਮਾਤਰ ਸਿਹਾਰੀ ਬਿਹਾਰੀ ਤੇ ਉਚਾਰਨ ਦੇ ਫਰਕ ਨੂੰ ਬਾਰੀਕ ਬੀਨੀ ਨਾਲ ਨੋਟ ਕਰ ਰਹੇ ਹਨ। ਬੱਚਿਆਂ ਦਾ ਨਾਮ ਸਿਮਰਨ ਲਈ ਬੈਠਨ ਦੇ ਅਭਿਆਸ ਦਾ ਵੀ ਇਕ ਮੁਕਾਬਲਾ ਸੀ। ਇਸ ਅਨੋਖੇ ਮੁਕਾਬਲੇ ਨੂੰ ਦੇਖਣ ਲਈ ਮਾਸੂਮ ਬੱਚਿਆਂ ਦੀਆਂ ਮਾਵਾਂ ਭੈਣਾਂ ਤੇ ਰਿਸ਼ਤੇਦਾਰਾਂ 'ਚ ਬਹੁਤ ਉਤਸ਼ਾਹ ਸੀ। ਮਾਲਾ ਮੁਕਾਬਲਾ, ਦਸਤਾਰ ਬੰਨ੍ਹਣ ਦਾ ਮੁਕਾਬਲਾ, ਪੇਂਟਿੰਗ ਕਵਿਤਾ ਸੰਗੀਤ, ਕਵਿਜ਼ ਬੁਝਾਰਤਾਂ, ਹੱਲੇ ਦੇ ਦੀਵਾਨ, ਖੇਡਾਂ ਵਿਚ ਦੌੜਾਂ, ਬੈਡਮਿੰਟਨ ਤੇ ਕੈਰਮ ਤੇ ਹੋਰ ਪਤਾ ਨਹੀਂ ਕੀ ਕੁਝ ਲਗਾਤਾਰ ਸਮੇਂ ਦੀ ਵੰਡ ਅਨੁਸਾਰ ਵਾਰੀ ਵਾਰੀ ਜਾਂ ਇਕੱ-ਠਿਆ ਹੀ ਚਲ ਰਿਹਾ ਸੀ। ਜਿਵੇਂ ਬਹੁਤ ਚਿਰ ਤੋਂ ਗੰਦੇ ਹੋਏ ਕਪੜੇ ਨੂੰ ਕੁਝ ਚਿਰ ਗਰਮ ਸਾਬਣ ਸੋਡੇ ਜਾਂ ਡੀਟਰਜੈਂਟ ਪਾਊਡਰ ਵਿਚ ਰੱਖ ਦਿੱਤਾ ਜਾਵੇ ਤਾਂ ਉਹ ਮੈਲ ਰਹਿਤ ਹੋ ਕੇ ਸਾਫ ਸੁਥਰਾ ਹੋ ਜਾਂਦਾ ਹੈ। ਕੁਝ ਇਵੇਂ ਦਾ ਡੋਬਾ ਆਤਮਾਵਾਂ ਨੂੰ ਦਿਤਾ ਜਾ ਰਿਹਾ ਸੀ। ਇਸ ਸਮੇਂ ਮਾਇਆ ਦੇ ਪ੍ਰਭਾਵ


Sri Satguru Jagjit Singh Ji eLibrary NamdhariElibrary@gmail.com

ਅਤੇ ਹੋਰ ਦੁਨਿਆਂਵੀ ਧੰਦਿਆਂ ਤੋਂ ਮਨ ਨਿਰਮਲ ਨਿਰਲੇਪ ਹੋ ਕੇ ਕੇਵਲ ਨਾਮ ਸਿਮਰਨ, ਕੀਰਤਨ ਹਰ ਜਸ ਸਤਿ ਸੰਗਤ ਤੇ ਗੁਰੂ ਦਰਸ਼ਨ ਅਤੇ ਸੇਵਾ ਵਿਚ ਹੀ ਭਿਜਾ ਰਿਹਾ। ਤਕੜੀ ਧੁਲਾਈ ਹੋ ਰਹੀ ਸੀ।

੨੫ ਜੁਲਾਈ ਰਾਤ ਨੂੰ ਵਿਸ਼ੇਸ਼ ਸਟੇਜ ਤੇ ਸ੍ਰੀਮਤੀ ਅਵਤਾਰ ਕੌਰ ਜਾਵੰਦਾ ਦਾ ਲਿਖਿਆ ਨਾਟਕ ਜਗਤ ਜੋਤ ਸਤਿਗੁਰੂ ਰਾਮ ਸਿੰਘ ਜੀ ਖੇਡਿਆ ਗਿਆ। ਇਹ ਨਾਟਕ ਤੇ ਕਈ ਹੋਰ ਵਿਸ਼ੇਸ਼ ਪ੍ਰੋਗਰਾਮ ਨਾਲੋਂ ਨਾਲ ਘਰਾਂ 'ਚ ਕੇਬਲ ਟੀ. ਵੀ. ਰਾਹੀਂ ਆ ਰਿਹਾ ਸੀ। ਜਿਨ੍ਹਾਂ ਦੇ ਘਰਾਂ ਵਿਚ ਇਹ ਕੇਬਲ ਟੀ. ਵੀ. ਹੈ ਸੀ ਉਥੇ ਇਹ ਨਾਟਕ ਪੁਜਿਆ ਪਰ ਵਿਚ ਬਿਜਲੀ ਵੀ ਚਲੀ ਗਈ। ਕੁਲ ਮਿਲਾ ਕੇ ਨਾਟਕ ਸਫਲ ਹੀ ਸੀ।

ਦਿੱਲੀ ਦੇ ਵਿਦਿਅਕ ਜੱਥੇ ਨੇ ਆਏ ਜੁਆਨਾਂ ਨੂੰ ਬੱਸਾਂ ਰਾਹੀਂ ਦਿੱਲੀ ਦੀਆਂ ਇਤਿਹਾਸਕ ਥਾਵਾਂ ਦੀ ਸੈਰ ਵੀ ਕਰਵਾਈ ਗਈ। ੨੬-੨੭ ਜੂਨ ਦੇ ਦਿਨ ਬੁੱਧੀਜੀਵੀ ਸੰਮੇਲਨ ਦੇ ਸਨ। ਭਾਵ ਇਹ ਸੀ ਕਿ ਇਹਨਾਂ ਦੋਹਾਂ ਵਿਚ ਵੱਡੀ ਉਮਰ ਵਾਲੇ ਪੜ੍ਹੇ-ਲਿਖੇ ਕਾਰੋਬਾਰੀ ਸਜਣ, ਡਾਕਟਰ, ਵਕੀਲ, ਪ੍ਰੋਫੈਸਰ, ਲੇਖਕ, ਪਤਰਕਾਰ, ਪਰਬੰਧਕ ਅਤੇ ਹੋਰ ਸ਼ੋਅਬਿਆਂ ਵਾਲੇ ਇਕੱਠੇ ਹੋਏ।

ਇਹ ਦੂਰ ਦੂਰ ਤੋਂ ਆਏ ਵੀ। ਪੁਰਾਣੇ ਚਿਹਰੇ ਮੁੜ ਵੇਖਣ ਨੂੰ ਮਿਲੇ। ਪਹਿਲਾਂ ਇਹਨਾਂ ਦੀ ਜਾਣ-ਪਛਾਣ ਕਰਾਈ ਗਈ। ਉਸ ਬਾਅਦ ਤਿੰਨ ਪਰਚੇ ਪੜ੍ਹੇ ਗਏ। ਇਕ ਸੀ ਪ੍ਰੀਤਮ ਸਿੰਘ ਕਵੀ ਜੀ ਦਾ ਅਤੇ ਦੂਸਰਾ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਦਾ ਅਤੇ ਤੀਸਰਾ ਸ. ਜਸਵਿੰਦਰ ਸਿੰਘ ਜੀ ਦਾ। ਕਵੀ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਬਾਰੇ, ਮਾਸਟਰ ਜੀ ਦਾ ੧੯੭੨ ਬਾਅਦ ਦੇ ਨਾਮਧਾਰੀ ਇਤਿਹਾਸ ਬਾਰੇ ਅਤੇ ਜਸਵਿੰਦਰ ਸਿੰਘ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਬਾਰੇ। ਪਹਿਲੇ ਦੋਵੇਂ ਪਰਚੇ ਲਗਪਗ ਪਰਵਾਨ ਕਰ ਲਏ ਗਏ। ਜਸਵਿੰਦਰ ਸਿੰਘ ਜੀ ਨੇ ਪਰਚੇ ਦੀ ਪੇਸ਼ਕਾਰੀ ਦਿਲਚਸਪੀ ਨਾਲ ਕੀਤੀ ਅਤੇ ਇਸ ਉਤੇ ਪ੍ਰਸ਼ਨ ਵੀ ਪੁਛੇ ਗਏ। ਉਹਨਾਂ ਕੁਸ਼ਲਤਾ ਨਾਲ ਸਮਾਧਾਨ ਕੀਤਾ।

ਦੂਸਰੇ ਦਿਨ ਸਮਾਜ ਸੇਵਾ ਨੂੰ ਵਧੀਆ ਬਨਾਉਣ, ਵਧੀਆ ਸਮਾਗਮ ਪਰਬੰਧ, ਸਾਹਿਤ ਪੱਤਰਕਾਰੀ ਦੇ ਹੋਰ ਉਚੇ ਪੱਧਰ ਅਤੇ ਵਧੀਆ ਵੰਡ ਪ੍ਰਣਾਲੀ, ਸਮਾਜ ਭਲਾਈ ਦੇ ਹੋਰ ਉਪਰਾਲੇ, ਧਾਰਮਿਕ ਰਹੁ-ਰੀਤਾਂ ਦੀ ਦ੍ਰਿੜ੍ਹਤਾ ਸੰਬੰਧੀ ਅਤੇ ਨਾਮਧਾਰੀ ਪੰਥ ਦੇ ਪਰਚਾਰ ਪਰਸਾਰ ਸੰਬੰਧੀ ਵੱਖ-ਵੱਖ ਪੈਨਲ ਬਣਾ ਕੇ ਵਿਚਾਰਾਂ ਕੀਤੀਆਂ ਗਈਆਂ ਅਤੇ ਮੁੜ ਉਹਨਾਂ ਵਿਚਾਰਾਂ ਨੂੰ ਇਕੱਠਿਆਂ ਸੰਕਲਿਤ ਕੀਤਾ ਗਿਆ।

ਦੁਪਹਿਰ ਬਾਅਦ ਦੇ ਦੀਵਾਨ ਵਿਚ ਨਾਮ ਸਿਮਰਨ ਵੇਲੇ ਸੰਗਤ ਦੀ ਹਾਜ਼ਰੀ ਦਾ ਪਾਰਾਵਾਰ ਨਹੀਂ ਸੀ। ਇਸ ਸਮੇਂ ਦੀਵਾਨ ਵਿਚ ਸੰਗਤ ਦੀ ਭੀੜ ਵਿਚੋਂ ਸੇਵਾਦਾਰ ਸ. ਬਲਵੰਤ ਸਿੰਘ ਰਾਮੂਵਾਲੀਆ ਮੈਂਬਰ ਘਟ ਗਿਣਤੀ ਕਮਿਸ਼ਨ ਨੂੰ ਦਰਸ਼ਨਾਂ ਲਈ ਲੈ ਕੇ ਆਏ। ਰਾਮੂਵਾਲੀਆ ਜੀ ਨੇ ਬਹੁਤ ਸਤਿਕਾਰ ਸਹਿਤ ਸਤਿਗੁਰਾਂ ਜੀ ਨੂੰ ਮੱਥਾ ਟੇਕਿਆ। ਨਾਮ ਸਿਮਰਨ ਵੇਲੇ ਹੀ ਨਾਮਧਾਰੀ ਇਤਿਹਾਸ ਦੀ ਪ੍ਰਸਿੱਧ ਹਸਤੀ, ਸ਼ਹੀਦ ਸੂਬਾ ਸਿੰਘ ਜੀ ਦੇ ਨਮਿਤ ਇਕ ਪਾਠ ਦਾ ਭੋਗ ਉਹਨਾਂ ਦੇ ਵੰਸ਼ਜ ਸ. ਦਰਸ਼ਨ ਸਿੰਘ ਵਲੋਂ ਪੁਆਇਆ ਗਿਆ। ਉਪਰੰਤ ਰਾਗੀਆਂ ਦਾ ਕੀਰਤਨ ਸ਼ੁਰੂ ਹੋਇਆ।

ਅੱਜ ਰਾਗੀਆਂ ਦੀ ਤਾਦਾਦ ਵੀ ਜ਼ਿਆਦਾ ਸੀ। ਉਹਨਾਂ ਬਹੁਤ ਮਿਲਵੀਂ ਸੁਰ ਵਿਚ ਉਚੀ ਹੂਕ ਵਿਚ ਵੈਰਾਗ-ਮਈ ਸ਼ਬਦ ਪੜ੍ਹਿਆ—

ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ।"

ਉਸ ਸ਼ਬਦ ਦੀ ਯਾਦ ਅੱਜ ਤੱਕ ਵੀ ਦਿਲਾਂ ਨੂੰ ਧੂਹ ਪਾ ਜਾਂਦੀ ਹੈ। ਸੰਗਤ ਸਾਰੀ ਦੀ ਸਾਰੀ ਝੂਮ ਰਹੀ ਸੀ।

ਕੀਰਤਨ ਉਪਰੰਤ ਸ. ਹਰਵਿੰਦਰ ਸਿੰਘ ਹੰਸਪਾਲ ਜੀ ਨੇ ਸ. ਬਲਵੰਤ ਸਿੰਘ ਰਾਮੂਵਾਲੀਏ ਬਾਬਤ ਜਾਣਕਾਰੀ ਦਿਤੀ ਅਤੇ ਬਾਅਦ ਵਿਚ ਇਕ ਸਮਰਥ ਬੁਲਾਰੇ ਵਜੋਂ ਪ੍ਰਸਿੱਧ ਸਾਬਕ ਅਕਾਲੀ ਐਮ. ਪੀ. ਸ. ਬਲਵੰਤ ਸਿੰਘ ਰਾਮੂਵਾਲੀਆ ਨੇ ਆਪਣੀ ਭਰਵੀਂ ਤੇ ਉਚੀ ਆਵਾਜ਼ ਵਿਚ ਸੰਗਤ ਨੂੰ ਸੰਬੋਧਨ ਕੀਤਾ। (ਚਲਦਾ)


Manufacturers of :

Hydraulic Presses for Rubber Industries, Streightening Bending, Deep Drawing, Clutch Facing & Brack-Linings

Specialists in :

Deep Drawing, Hydraulic Press for Pressure Cooker

**HIND**

**Hydraulic Industries**

Opp. Dass, Hitachi, Industrial Area, Rajinder Nagar, P.O. Mohan Nagar, GHAZIABAD.

Phone : 867031



Sri Satguru Jagjit Singh Ji eLibrary NamdhariElibrary@gmail.com

# ਪਿਆਰਾ ਸਿੰਘ ਦਾਤਾ ਨਾਲ ਇਕ ਸ਼ਾਮ

ਜਲੰਧਰ—ਪੰਜਾਬੀ ਦੇ ਪ੍ਰਸਿੱਧ ਵਿਅੰਗਕਾਰ ਲੇਖਕ, ਸੈਲਾਨੀ, ਸੰਪਾਦਕ ਅਤੇ ਸਫਲ ਪ੍ਰਕਾਸ਼ਕ ਸ: ਪਿਆਰਾ ਸਿੰਘ ਦਾਤਾ ਦਿੱਲੀ ਤੋਂ ਜਲੰਧਰ ਪਧਾਰੇ ਤਾਂ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਲੋਕ ਸੰਪਰਕ ਵਿਭਾਗ ਦਫਤਰ ਜਲੰਧਰ ਵਿਖੇ ੮ ਜੁਲਾਈ ਦੀ ਸ਼ਾਮ ਨੂੰ ਉਨ੍ਹਾਂ ਨਾਲ ਇਕ ਰੂ-ਬ-ਰੂ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਸ: ਜਗਦੀਸ਼ ਸਿੰਘ ਵਰਿਆਮ ਅਤੇ ਪ੍ਰੋ: ਅਵਤਾਰ ਜੌੜਾ ਨੇ ਕੀਤੀ। ਨਰਿੰਜਨ ਸਿੰਘ ਸਾਥੀ ਵਲੋਂ ਪਿਆਰਾ ਸਿੰਘ ਦਾਤਾ ਬਾਰੇ ਸੰਖੇਪ ਜਾਣਕਾਰੀ ਦੇਣ ਉਪਰੰਤ ਦਾਤਾ ਜੀ ਨੂੰ ਸਰੋਤਿਆਂ ਨਾਲ ਆਪਣੇ ੯੨ ਸਾਲਾ ਨਿਜੀ ਜੀਵਨ ਅਤੇ ਸਾਹਿਤਕ ਸਫਰ ਦੀ ਕਹਾਣੀ ਸਾਂਝੀ ਕੀਤੀ। ਉਨ੍ਹਾਂ ਨੇ ਆਪਣਾ ਸਾਹਿਤਕ ਜੀਵਨ ਪ੍ਰੀਤਨਗਰ ਵਿਚ ਸ. ਗੁਰਬਖਸ਼ ਸਿੰਘ ਦੀ ਸੰਗਤ ਵਿਚ ਸ਼ੁਰੂ ਕੀਤਾ ਜੋ ਆਪਣੀ ਸਵੈ-ਜੀਵਨੀ ਸਮੇਤ ੬੫ ਪੁਸਤਕਾਂ ਲਿਖਣ ਉਪਰੰਤ ਅਜੇ ਵੀ ਜਾਰੀ ਹੈ। ਸਵਾਲਾਂ ਜਵਾਬਾਂ ਦੇ ਸਿਲਸਿਲੇ ਵਿਚ ਸਰਵਸ੍ਰੀ ਸਵਿਤੋਜ, ਪਿਆਰਾ ਸਿੰਘ ਭੋਗਲ ਤੇ ਵਰਿਆਮ ਸਿੰਘ ਸੰਧੂ ਆਦਿ ਨੇ ਭਾਗ ਲਿਆ। ਇਸ ਸਮੇਂ ਹਾਜ਼ਰ ਸੱਜਣਾਂ ਵਿਚ ਸ੍ਰੀ ਬੇਅੰਤ ਸਿੰਘ ਸਰਹੱਦੀ, ਸਤਿਨਾਮ ਸਿੰਘ ਮਾਣਕ, ਕੁਲਦੀਪ ਸਿੰਘ ਬੇਦੀ, ਹਵਾਲਦਾਰ ਦਰਸ਼ਨ ਸਿੰਘ, ਡਾ: ਕੀਰਤੀ ਕੇਸਰ, ਡਾ: ਡੀ. ਬੀ. ਰਾਏ, ਭਜਨ ਸਿੰਘ ਨਰੂਲਾ, ਜਗਜੀਤ ਸਿੰਘ ਅਤੇ ਸ੍ਰੀ ਐਲ. ਚੁੰਬਰ ਸ਼ਾਮਲ ਸਨ।

ਅੰਤ ਵਿਚ ਸਭਾ ਦੇ ਪ੍ਰਧਾਨ ਸ: ਜਗਦੀਸ਼ ਸਿੰਘ ਵਰਿਆਮ ਨੇ ਪਿਆਰਾ ਸਿੰਘ ਦਾਤਾ ਅਤੇ ਆਏ ਸਰੋਤਿਆਂ ਦਾ ਧੰਨਵਾਦ ਕਰਦੇ ਹੋਏ ਦਾਤਾ ਜੀ ਨਾਲ ਆਪਣੀਆਂ ਕੁਝ ਯਾਦਾਂ ਦਾ ਵਰਨਣ ਕੀਤਾ।



ਪਿਆਰਾ ਸਿੰਘ ਦਾਤਾ ਜਲੰਧਰ ਦੇ ਲੇਖਕਾਂ ਸੰਗ

ਖੱਬੇ ਤੋਂ : ਜੰਗ ਬਹਾਦਰ ਸਿੰਘ ਘਈ, ਮਨਜੀਤ ਸਿੰਘ (ਪ੍ਰੋ:), ਨਰਿੰਜਨ ਸਿੰਘ ਸਾਥੀ, ਜਗਦੀਸ਼ ਸਿੰਘ ਵਰਿਆਮ, ਪਿਆਰਾ ਸਿੰਘ ਭੋਗਲ, ਪਿਆਰਾ ਸਿੰਘ ਦਾਤਾ, ਅਵਤਾਰ ਜੌੜਾ, ਕੀਰਤੀ ਕੇਸਰ, ਦਰਸ਼ਨ ਸਿੰਘ ਹਵਾਲਦਾਰ, ਤਿਰਲੋਚਨ ਸਿੰਘ ਭਾਟੀਆ, ਦੇਵਿੰਦਰਜੀਤ ਸਿੰਘ ਦਰਸ਼ੀ। ਦੂਸਰੀ ਕਤਾਰ : ਡੀ. ਬੀ. ਰਾਏ, ਜਗਜੀਤ, ਲਖਵਿੰਦਰ ਜੌਹਲ, ਵਰਿਆਮ ਸਿੰਘ ਸੰਧੂ, ਬੇਅੰਤ ਸਿੰਘ ਸਰਹੱਦੀ, ਲਖਬੀਰ ਸਿੰਘ, ਭਜਨ ਸਿੰਘ ਨਰੂਲਾ, ਇੰਦਰਜੀਤ ਅਤੇ ਉਮਿੰਦਰ।



Sri Satguru Jagjit Singh Ji eLibrary NamdhariElibrary@gmail.com

# ਬੀਤੇ ਦੀਆਂ ਪੈੜਾਂ-੩

## ਲੇਖਕ—ਪ੍ਰੀਤਮ ਸਿੰਘ ਕਵੀ

'ਬੀਤੇ ਦੀਆਂ ਪੈੜਾਂ' ਦੀ ਪੁਸਤਕ ਲੜੀ ਦੀ ਤੀਸਰੀ ਪੁਸਤਕ ਪ੍ਰਕਾਸ਼ਤ ਹੋ ਗਈ ਹੈ। ਨਾਮਧਾਰੀ ਪੰਥ ਦੇ ਮਸ਼ਹੂਰ ਲੇਖਕ ਸ੍ਰੀ ਪ੍ਰੀਤਮ ਸਿੰਘ ਕਵੀ ਦੁਆਰਾ ਲਿਖਤ ਇਸ ਪੁਸ-ਤਕ ਦੇ ਵਿਸ਼ੇ ਵਸਤੂ ਤੋਂ ਵਰਿਆਮ ਦੇ ਪਾਠਕ ਭਲੀ ਭਾਂਤ ਪ੍ਰੀਚਤ ਹਨ। ਪੁਸਤਕ ਰੂਪ ਧਾਰਨ ਕਰਨ ਤੋਂ ਪਹਿਲਾਂ ਵਰਿਆਮ ਦੇ ਪੰਨਿਆਂ ਤੇ ਲੰਮਾ ਚਿਰ ਇਹ "ਅੱਖੀਂ ਡਿੱਠੀ, ਕੰਨੀ ਸੁਣੀ ਰੌਚਿਕ ਗੁਰੂ ਗਾਥਾ" ਪ੍ਰਕਾਸ਼ਤ ਹੁੰਦੀ ਰਹੀ ਹੈ। ੫੫੮ ਪੰਨਿਆਂ ਦੀ ਇਸ ਪੁਸਤਕ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਨਿਜ ਅਤੇ ਆਲੇ ਦੁਆਲੇ ਨਾਲ ਸਬੰਧਤ ਛੇ ਮਹੀਨਿਆਂ ਜੁਲਾਈ ੭੮ ਤੋਂ ਦਸੰਬਰ ੧੯੭੮ ਤਕ ਦੀ ਗਾਥਾ, ਸਮਾਚਾਰ, ਪ੍ਰਸੰਗ, ਡਾਇਰੀ ਦੇ ਰੂਪ ਵਿਚ ਸੰਕਲਿਤ ਹਨ

ਬੀਤੇ ਦੀਆਂ ਪੈੜਾਂ ਦੇ ਤੀਸਰੇ ਖੰਡ ਦੀ ਭੂਮਿਕਾ ਪੰਜਾਬੀ ਸਾਹਿਤ ਦੀ ਨਾਮਵਰ ਹਸਤੀ ਪ੍ਰੋ: ਕਿਰਪਾਲ ਕਸੇਲ ਨੇ ਲਿਖੀ ਹੈ। ਜੋ ਆਪਣੇ ਆਪ ਵਿਚ ਇਕ ਪੜ੍ਹਨਯੋਗ ਅਤੇ ਮਾਨਣਯੋਗ ਰਚਨਾ ਹੈ।

ਪੁਸਤਕ ਦੀ ਇਹ ਹੀ ਸਿਫਤ ਹੈ ਕਿ ਇਹ ਲਗਾਤਾਰ ਪਾਠਕ ਦੀ ਰੌਚਕਤਾ ਕਾਇਮ ਰਖਦੀ ਹੈ। ਲਗਦਾ ਹੈ ਸਤਿ-ਗੁਰੂ ਜਗਜੀਤ ਸਿੰਘ ਜੀ ਦੇ ਮਹਾਨ ਜੀਵਨ 'ਚੋਂ ਦਿਸਦੇ ਨਿਤਕ੍ਰਮ ਤੇ ਲੇਖਕ ਕੁਮੈਂਟਰੀ ਕਰ ਰਿਹਾ ਹੈ। ਸਤਿਗੁਰੂ ਜੀ ਚਰਿਤਰ ਦੇ ਅਨੇਕਾਂ ਪਹਿਲੂ, ਅਨੇਕਾਂ ਸੂਖਮ ਗੱਲਾਂ, ਵਿਚਾਰ ਉਜਾਗਰ ਹੁੰਦੇ ਹਨ। ਸਤਿਗੁਰੂ ਜੀ ਦੀ ਵਖ ਵਖ ਮਾਮਲਿਆਂ ਅਤੇ ਵਿਅਕਤੀਆਂ ਬਾਰੇ ਪਹੁੰਚ, ਅਨੇਕਾਂ ਸਬੰਧਤ ਵਿਅਕ-ਤੀਆਂ ਦੇ ਨਾਮ ਅਤੇ ਹਾਜ਼ਰੀ, ਹੋਏ ਬੀਤੇ ਸਮਾਗਮਾਂ ਦਾ ਵੇਰਵਾ ਅਤੇ ਕਈ ਭੁਲੇ ਵਿਸਰੇ ਦ੍ਰਿਸ਼ ਇਸ ਲਿਖਤ ਵਿਚੋਂ ਰੂਪਮਾਨ ਹੁੰਦੇ ਹਨ।

ਕਰੜੀ ਮਿਹਨਤ ਅਤੇ ਲਿਖਣ ਦੀ ਲਗਾਤਾਰਤਾ ਕਵੀ ਜੀ ਦੇ ਸੁਭਾਅ ਦਾ ਅੰਗ ਬਣ ਚੁੱਕੇ ਹਨ ਅਤੇ ਉਸੇ ਦਾ ਸਿੱਟਾ ਹੀ ਇਹ ਪੁਸਤਕਾਂ ਹਨ।

ਪੁਸਤਕ ਦੀ ਸੁੰਦਰ ਛਪਾਈ ਜਨਤਕ ਪ੍ਰੈਸ ਦਿੱਲੀ ਨੇ ਕੀਤੀ ਹੈ। ਮਿਲਣ ਦਾ ਪਤਾ ਹੈ ਪ੍ਰੀਤਮ ਸਿੰਘ ਕਵੀ ਸਾਹਿਤ ਪ੍ਰਕਾਸ਼ਨ, ਜੇ. ੩/੧੯੯ ਰਾਜੌਰੀ ਗਾਰਡਨ ਨਵੀਂ ਦਿੱਲੀ-੨੭ ਸਾਧਾਰਨ ਐਡੀਸ਼ਨ ਦੀ ਕੀਮਤ ੯੦ ਰੁਪਏ ਹੈ ਅਤੇ ਲਾਇ-ਬਰੇਰੀ ਐਡੀਸ਼ਨ ੨੦੦ ਰੁਪਏ ਹੈ। ਨਾਮਧਾਰੀ ਸਮਾਗਮਾਂ ਰਮੇਸ਼ ਨਗਰ ਦਿੱਲੀ ਦੀ ਨਾਮਧਾਰੀ ਧਰਮਸਾਲ ਅਤੇ ਕਵੀ ਜੀ ਪਾਸੋਂ ਇਹ ਪੁਸਤਕ ਉਪਲਬਧ ਹੈ। ਸਮੇਂ ਸਮੇਂ ਇਸ ਦੀ ਕੀਮਤ ਵਿਚ ਰਿਆਇਤ ਵੀ ਮਿਲ ਜਾਂਦੀ ਹੈ। ਇਸ ਪੁਸਤਕ ਨੂੰ ਪ੍ਰਕਾਸ਼ਤ ਕਰਨ ਵਾਸਤੇ ਸ. ਹਰਜਿੰਦਰ ਸਿੰਘ ਚਾਨਾ ਸਟੀਲ ਮੈਨ ਅਤੇ ਸ. ਰਘਬੀਰ ਸਿੰਘ ਚਾਨਾ ਨੇ ਮਾਇਕ ਸਹਾਇਤਾ ਦਿੱਤੀ ਹੈ ਅਤੇ ਉਹਨਾਂ ਦੇ ਸਵਰਗੀ ਪਿਤਾ ਸੂਬਾ ਅਵਤਾਰ ਸਿੰਘ ਨੂੰ ਇਹ ਸਮਰਪਿਤ ਹੈ।

# ਮਹਾਂ ਨੂਰ

## —ਸੰਪਾਦਕ ਪ੍ਰੀਤਮ ਸਿੰਘ 'ਆਰਸੀ'

ਮਹਾ ਨੂਰ ਇਕ ਗ੍ਰੰਥ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ, ਇਤਿਹਾਸ ਅਤੇ ਚਰਿੱਤਰ ਨੂੰ ਪੇਸ਼ ਕਰਦਾ ੩੫੮ ਪੰਨਿਆਂ ਦਾ ਵੱਡ ਆਕਾਰੀ, ਨਵੀਨ ਤਕਨੀਕ ਨਾਲ ਮਹਿੰਗੇ ਤੋਂ ਮਹਿੰਗੇ ਤੇ ਮੋਟੇ ਕਾਗਜ਼ ਜਮਾਂ ਆਰਟ ਪੇਪਰ ਉਤੇ ਛਪਿਆ। ਭਾਪਾ ਪ੍ਰੀਤਮ ਸਿੰਘ ਸੰਪਾਦਕ ਆਰਸੀ ਦੀ ਉਮਰ ਭਰ ਦੀ ਸੰਪਾਦਨ ਕਲਾ ਅਤੇ ਛਪਾਈ ਜੁਗਤ ਦਾ ਸੰਜੋਗ ਅਤੇ ਨਵੇਂ ਪੁਰਾਣੇ ਲੇਖਕਾਂ ਦੀਆਂ ੫੬ ਉਤਮ ਰਚ-ਨਾਵਾਂ ਤੀਹ ਕੁ ਰੰਗੀਨ ਤੇ ਸ਼ਾਮ ਸ਼ਵੇਤ ਤਸਵੀਰਾਂ ਦੀ ਐਲਬਮ ਸੰਜੁਗਤ ਨਾਮਧਾਰੀ ਦਰਬਾਰ ਅਤੇ ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ ਵਲੋਂ ਸ. ਹਰਵਿੰਦਰ ਸਿੰਘ ਹੰਸਪਾਲ ਐਕਸ ਐਮ. ਪੀ. ਦੀ ਅਤਿ ਫਖਰਯੋਗ ਪੇਸ਼-ਕਾਰੀ ਹੈ।

ਭਾਪਾ ਪ੍ਰੀਤਮ ਸਿੰਘ ਜੀ ਨੇ ਇਸ ਨੂੰ ੧੦ ਖੰਡਾਂ ਵਿਚ ਵੰਡਦਿਆਂ ਇਤਿਹਾਸਕ ਪਛੋਕੜ, ਅਵਿਤਰਣ, ਕਲਾਧਾਰੀ ਪ੍ਰਤਿਭਾ, ਜੀਵਨ ਜਾਚ, ਸੁਤੰਤਰਤਾ ਸੰਗਰਾਮ ਵਿਚ ਸੀਰ, ਸੰਗੀਤ ਦੀ ਛਹਿਬਰ, ਪਸ਼ੂ ਧਨ ਦਾ ਮਹੱਤਵ, ਸਮਾਜਕ ਕਲਿਆਣ, ਵਿਵਹਾਰਕ ਅਤੇ ਅਭੁਲ ਯਾਦਾਂ ਸਿਰਲੇਖਾਂ ਹੇਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਰਬੰਗੀ ਪ੍ਰਤਿਭਾ ਨੂੰ ਗ੍ਰੰਥ ਦੇ ਪੰਨਿਆਂ ਵਿਚ ਸਮੋਣ ਦਾ ਸਫਲ ਜਤਨ ਕੀਤਾ ਹੈ।

ਇਸ ਪ੍ਰਤਿਨਿਧ ਗ੍ਰੰਥ ਵਿਚ ਕੁਝ ਪਹਿਲੀਆਂ ਛਪੀਆਂ ਰਚਨਾਵਾਂ ਅਤੇ ਕੁਝ ਨਵੀਆਂ ਨੂੰ ਲੈ ਕੇ ਇਕੋ ਜਿਲਦ ਵਿਚ ਸੰਭਾਲ ਲਿਆ ਗਿਆ ਹੈ। ਇਸ ਵਿਚ ਸੰਪਾਦਕ ਦੀਆਂ ਦੋ ਰਚਨਾਵਾਂ, ਸਵ: ਅਵਤਾਰ ਸਿੰਘ ਆਜ਼ਾਦ ਦੇ ਦੋ ਲੇਖ, ਸਵ: ਕਰਮ ਸਿੰਘ ਕਪੂਰ ਦੇ ਤਿੰਨ, ਸ. ਹਰਵਿੰਦਰ ਸਿੰਘ ਹੰਸਪਾਲ ਦੇ ਤਿੰਨ- ਪ੍ਰੀਤਮ ਸਿੰਘ ਕਵੀ ਦੇ ਚਾਰ ਲੇਖ, ਪੰਡਿਤ ਰਾਜਿੰਦਰ ਸਿੰਘ ਦੇ ਤਿੰਨ, ਸਵ: ਬੂਟਾ ਸਿੰਘ ਦੇ ਨਾਮ ਥੱਲੇ ਦੋ, ਦੇਵਿੰਦਰ ਸਿੰਘ ਗਿਲ ਦੇ ਤਿੰਨ ਲੇਖ, ਡਾ: ਅਮਰ ਭਾਰਤੀ, ਮਾਸਟਰ ਨਿਹਾਲ ਸਿੰਘ ਜੀ, ਮਾ. ਅਜੀਤ


Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਸਿੰਘ ਚੀਮਾ ਦੇ ਦੋ-ਦੋ ਲੇਖ ਹਨ। ਸੰਤ ਇੰਦਰ ਸਿੰਘ ਚਕਰਵਰਤੀ, ਗੁਰਬਖਸ਼ ਸਿੰਘ ਪ੍ਰੀਤਲੜੀ, ਕਰਤਾਰ ਸਿੰਘ ਦੁਗਲ, ਦੇਵਿੰਦਰ ਸਤਿਆਰਥੀ, ਕਾਮਰੇਡ ਸੋਹਣ ਸਿੰਘ ਜੋਸ਼, ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਸ. ਸ. ਅਮੋਲ, ਜਗਜੀਤ ਸਿੰਘ ਆਨੰਦ, ਡਾ. ਹਰਿਭਜਨ ਸਿੰਘ, ਰਨਬੀਰ (ਮਿਲਾਪ), ਪਿਆਰਾ ਸਿੰਘ ਸਹਿਰਾਈ, ਡਾ: ਕਰਨਜੀਤ ਸਿੰਘ, ਡਾ: ਸਵਿੰਦਰ ਸਿੰਘ ਉਪਲ, ਪ੍ਰੀਤਮ ਸਿੰਘ ਪੰਛੀ, ਤਾਰਾ ਸਿੰਘ ਅਨਜਾਣ, ਤੇਜਾ ਸਿੰਘ ਕੰਵਲ, ਮੀਰਾਂ ਮਦਾਨ, ਗੁਰਚਰਨ ਸਿੰਘ ਕੰਵਲ ਰਾਗੀ, ਗਿਆਨੀ ਸੰਤੋਖ ਸਿੰਘ ਬੈਂਕੋਕ, ਪੀ. ਐਨ. ਨੰਦਾ, ਨਿਰੰਜਣ ਸਿੰਘ ਜਯੋਤੀ, ਅਵਤਾਰ ਸਿੰਘ ਕਰੀਵਾਲਾ, ਕਰਤਾਰ ਸਿੰਘ, ਖੜਕ ਸਿੰਘ ਭਮਰਾ, ਮਾਸਟਰ ਸੋਹਣ ਸਿੰਘ ਪਰਦੇਸੀ, ਪੰਡਤ ਮਨਸਾ ਸਿੰਘ ਅਤੇ ਗੁਰਬਖਸ਼ ਸਿੰਘ ਸ਼ੌਕ ਜਿਹੇ ਹਰ ਵਰਗ ਦੇ ਸਥਾਪਤ ਸਾਹਿਤਕਾਰਾਂ, ਨਵੇਂ ਲੇਖਕਾਂ ਅਤੇ ਨਿਕਟਵਰਤੀ ਅਨੁਭਵੀ, ਸੇਵਕਾਂ, ਕਾਰਮੁਖਤਿਆਰ ਵਿਅਕਤੀਆਂ ਦੀਆਂ ਰਚਨਾਵਾਂ ਨੇ ਇਸ ਗ੍ਰੰਥ ਨੂੰ ਬਹੁ-ਦਿਸ਼ਾਵੀ ਬਹੁ-ਪਾਸਾਰੀ ਪ੍ਰਤੀਨਿਧ ਗ੍ਰੰਥ ਵਲੋਂ ਰੂਪਮਾਨ ਕੀਤਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਿਤ ਦਿਲ-ਖਿਚਵੇਂ ਟਾਈਟਲ ਵਾਲਾ ਇਹ ਗ੍ਰੰਥ ਭਾਪਾ ਪ੍ਰੀਤਮ ਸਿੰਘ ਜੀ ਦੀ ਕਰੜੀ ਮਿਹਨਤ ਅਤੇ ਕਲਾ ਕੌਸ਼ਲਤਾ ਦਾ ਜ਼ਿੰਦਾ ਸਬੂਤ ਹੈ। ਇਸ ਗ੍ਰੰਥ ਦੀ ਇਕ ਆਪਣੀ ਮੜਕ ਹੈ ਸੰਪਾਦਨ ਦਾ ਅੰਦਾਜ਼ ਹੈ।

ਨਾਮਧਾਰੀ ਪੰਥ ਨਾਲ ਸੰਬੰਧਤ ਅਜ ਤਕ ਛਪੀ ਸਮੁਚੀ ਸਾਮਗਰੀ 'ਚੋਂ ਇਹ ਨਵੇਕਲੀ ਰਚਨਾ ਹੈ। ਇਕ ਸ਼ਾਹਕਾਰ ਹੈ। ਪ੍ਰਕਾਸ਼ਕ ਨਵ ਯੁਗ ਪਬਲਿਸ਼ਰਜ਼ ਹਨ। ਛਾਪਕ ਨਵਯੁਗ ਪਰੈਸ ਹੈ। ਮੁੱਲ ੪੦੦ ਰੁਪਏ ਹੈ। ਮਿਲਣ ਦਾ ਪਤਾ ਹੈ ਨਵਯੁਗ ਪਬਲਿਸ਼ਰਜ਼ K-੨੪ ਹੌਜ਼ ਖਾਸ ਨਵੀਂ ਦਿੱਲੀ-੧੬ ਨਾਮਧਾਰੀ ਧਰਮਸਾਲਾ ਨਾਮਧਾਰੀ ਕਾਲੋਨੀ ਰਮੇਸ਼ ਨਗਰ ਅਤੇ ਨਾਮਧਾਰੀ ਮੇਲਿਆਂ ਸ੍ਰੀ ਭੈਣੀ ਸਾਹਿਬ ਤੋਂ ਵੀ ਮਿਲ ਸਕਦਾ ਹੈ।

## ਸੇਵਕ ਸੱਚੇ ਸਾਹ ਕੇ

### ਲੇਖਕ ਤਾਰਾ ਸਿੰਘ ਅਣਜਾਣ

ਜਦੋਂ ਤੋਂ ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ ਵਲੋਂ ਧੜਾਧੜ ਨਾਮਧਾਰੀ ਪੁਸਤਕਾਂ ਛਾਪਣ ਦਾ ਇਕ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ, ਸ. ਤਾਰਾ ਸਿੰਘ ਅਨਜਾਣ ਇਕ ਪ੍ਰਮੁਖ ਲੇਖਕ ਵਲੋਂ ਤੇਜ਼ੀ ਨਾਲ ਉਭਰੇ ਹਨ। ਸਤ ਪੁਸਤਕਾਂ 'ਚੋਂ ਉਹ ਚਾਰ ਦੇ ਸਹਿ ਸੰਪਾਦਕ ਹਨ ਅਤੇ ਤਿੰਨਾਂ ਦੇ ਮੂਲ ਲੇਖਕ ਹਨ। ਉਹਨਾਂ ਦੀ ਨਿਖਰਦੀ ਕਲਮ ਦਾ ਸਫਰ ਪ੍ਰਤੱਖ ਰੂਪ ਵਿਚ ਦੇਖਿਆ ਜਾ ਸਕਦਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਅਕਾਦਮੀ ਦਿੱਲੀ, ਪੰਜਾਬੀ ਸਾਹਿਤਕ ਮੰਚ ਦਿੱਲੀ ਵਲੋਂ ਮਾਨ ਸਨਮਾਨ ਪ੍ਰਾਪਤ ਕਰਤਾ ਤਾਰਾ ਸਿੰਘ ਅਣਜਾਣ ਕਿੱਤੇ ਵਜੋਂ ਪੰਜਾਬੀ ਲੈਕਚਰਾਰ ਹਨ ਅਤੇ ਦਿੱਲੀ ਦੇ ਹਲਕਿਆਂ ਵਿਚ ਪੰਜਾਬੀ ਨੂੰ ਯੋਗ ਥਾਂ ਦੁਆਉਣ ਲਈ ਅਤੇ ਪੰਜਾਬੀ ਅਧਿਆਪਕਾਂ ਦੇ ਕਾਜ਼ ਲਈ ਉਹਨਾਂ ਫਖਰਯੋਗ ਲੜਾਈ ਲੜੀ ਹੈ। ਅਧਿਆ-ਪਕ ਵਰਗ ਅਤੇ ਭਾਸ਼ਾ ਖੇਤਰ ਵਿਚ ਹਰਮਨ ਪਿਆਰੇ ਨਾਮਧਾਰੀ ਸਿੰਘ ਤਾਰਾ ਸਿੰਘ ਅਨਜਾਣ ਬਹੁਤ ਗਤੀਸ਼ੀਲ ਤੇ ਸਿਰੜੀ ਵਿਅਕਤੀ ਹਨ। ਗਹਿਰ ਗੰਭੀਰ, ਸਾਦੇ ਤੇ ਅਨਜਾਣ ਜਿਹੇ ਲਗਦੇ ਤਾਰਾ ਸਿੰਘ ਜੀ, ਲੈਕਚਰ ਦੇਣ ਗਲਬਾਤ ਕਰਨ ਵਿਚ ਅਤੇ ਲਿਖਣ ਵਿਚ ਗਿਆਨਵਾਨ, ਸੁਜਾਨ ਅਤੇ ਦਿਲਚਸਪ ਵਿਅਕਤੀ ਪ੍ਰਤੀਤ ਹੁੰਦੇ ਹਨ ਇਸੇ ਕਰਕੇ ਬਹੁ-ਤਿਆਂ ਦਾ ਮਨ ਮੋਹੰਦੇ ਹਨ।

ਪਰ ਉਹਨਾਂ ਨੇ 'ਸੇਵਕ ਸੱਚੇ ਸਾਹ ਕੇ' ਗ੍ਰੰਥ ਦੀ ਰਚਨਾ ਕਰਕੇ ਤਾਂ ਸਾਰਾ ਜੱਸ ਲੁੱਟ ਲਿਆ ਹੈ।

ਹਰ ਸਮਾਜ ਵਿਚ ਕੁਝ ਬਹੁਤ ਪਰਤੱਖ ਅਤੇ ਦਿਸਦੇ ਵਿਅਕਤੀ ਹੁੰਦੇ ਉਹਨਾਂ ਦਾ ਇਤਿਹਾਸ ਹੁੰਦਾ ਹੈ। ਕੁਝ ਘਟਨਾਵਾਂ ਹੁੰਦੀਆਂ ਹਨ ਜੋ ਉਸ ਸਮਾਜ ਦੀ ਪਛਾਣ ਬਣ ਜਾਂਦੀਆਂ ਹਨ। ਇਹ ਸਭ ਕੁਝ ਦਿਸਦਾ ਹੁੰਦਾ ਹੈ। ਪਰ ਕੁਝ ਅਦਿਸ ਵੀ ਹੁੰਦਾ ਹੈ ਜੋ ਸਮਾਜ ਦੀ ਆਤਮਾ ਹੁੰਦੀ ਹੈ ਅਤੇ ਆਤਮਾ ਦੇ ਦਰਸ਼ਨ ਆਦਮੀ ਨੂੰ ਨਹੀਂ ਹੁੰਦੇ।

ਇਹ ਪੁਸਤਕ ਨਾਮਧਾਰੀ ਪੰਥ ਦੀ ਇਸ ਅਦਿਸ ਆਤਮਾ ਦੇ ਦਰਸ਼ਨ ਕਰਾਉਣ ਦਾ ਹੀ ਜਤਨ ਹੈ। 'ਸੇਵਕ ਸੱਚੇ ਸਾਹ ਕੇ' ਉਹ ਸੇਵਕ ਹਨ ਜੋ ਆਪਣੇ ਸ਼ਹੁ ਦੇ ਰੰਗ ਵਿਚ ਰੱਤੇ ਹੋਏ ਹਨ। ਉਹ ਬਜ਼ੁਰਗ ਜਿਨ੍ਹਾਂ ਵਿਚ ਸਵਾਸ ਸਵਾਸ ਗੁਰੂ ਹੀ ਜਪਿਆ ਅਤੇ ਹੰਡਾਇਆ ਹੈ। ਉਹ ਬਹੁਤ ਸਾਧਾਰਨ ਵੀ ਲਗਦੇ ਹਨ ਪਰ ਆਤਮਕ ਤੌਰ ਤੇ ਬਹੁਤ ਉਚੇ ਹਨ। ਉਹਨਾਂ ਮਹਾਂ ਪੁਰਖਾਂ ਨਾਲ ਲੇਖਕ ਨੇ ਮਿਲਣੀਆਂ ਕਰਕੇ ਉਹਨਾਂ ਤੋਂ ਪ੍ਰਾਪਤ ਗਿਆਨ ਅਤੇ ਵਿਚਾਰਾਂ ਨੂੰ ਸਰਲ ਸੁੰਦਰ ਅਤੇ ਸਾਹਿਤਕ ਭਾਸ਼ਾ ਵਿਚ ਲਿਖ ਕੇ ਸੰਗਤ ਸਾਹਮਣੇ ਪ੍ਰਸਤੁਤ ਕੀਤਾ ਹੈ।

ਜਿਸ ਕਿਸੇ ਨੇ ਵੀ ਇਹ ਉਦਮ ਲੇਖਕ ਨੂੰ ਦਿੱਤਾ ਹੈ ਉਹ ਵਧਾਈ ਦਾ ਪਾਤਰ ਹੈ। ਪੁਸਤਕ ਪੜ੍ਹਦਿਆਂ ਪਤਾ ਲਗਦਾ ਹੈ ਕਿ ਇਹ ਨਿਰਾਲੀ ਰਚਨਾ ਦੇਣ ਦੀ ਪ੍ਰੇਰਨਾ ਖੁਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੀ ਹੈ। ਜੇ ਇਹ ਹੀ ਗੱਲ ਹੈ ਤਾਂ ਲੇਖਕ ਨੇ ਸਤਿਗੁਰੂ ਜੀ ਦੀ ਇਛਿਆ ਨੂੰ ਸਫਲਤਾ ਪੂਰਬਕ ਮੂਰਤੀਮਾਨ ਕੀਤਾ ਹੈ।


Sri Satguru Jagjit Singh Ji eLibrary NamdhariElibrary@gmail.com

ਗੁਰੂ ਅਰਜਨ ਦੇਵ ਜੀ ਦਾ ਇਕ ਵਾਕ ਹੈ, 'ਸੇਵਕ ਸਚੇ ਸਾਹ ਕੇ ਸੇਈ ਪਰਵਾਣੁ'। ਪਰਵਾਣ ਹੋਣਾ ਤਾਂ ਹਰ ਕੋਈ ਲੋਚਦਾ ਹੈ ਭਾਵੇਂ ਸੇਵਕ ਹੋਣਾ ਨਹੀਂ। ਜਿਹੜੇ ਸਚੇ ਸ਼ਾਹ, ਸਤਿਗੁਰੂ ਦੀਆਂ ਨਜ਼ਰਾਂ 'ਚ ਪਰਵਾਨ ਹੋਏ ਉਹ ਕਿਹੋ ਜਿਹੇ ਵਿਅਕਤੀ ਹਨ। ਉਹ ਕਿਹੋ ਜਿਹੇ ਰੰਗ ਵਿਚ ਰੱਤੇ ਹਨ, ਉਹਨਾਂ ਦੀ ਆਤਮਾ ਦੀ ਆਵਾਜ਼ ਕਿਹੋ ਜਿਹੀ ਹੈ। ਇਹ ਹੀ 'ਅਨਜਾਣ' ਲੇਖਕ ਨੇ ਜਾਨਣ ਦਾ ਜਤਨ ਕੀਤਾ ਹੈ। ਅਨੇਕਾਂ ਵਿਅਕਤੀਆਂ ਵਿਚੋਂ ਪ੍ਰਤੀਨਿਧ ਵੀਹ ਵਿਅਕਤੀਆਂ ਦੇ ਸ਼ਬਦ ਚਿਤਰ ਇਸ ਪੁਸਤਕ ਵਿਚ ਹਨ। ਪੁਸਤਕ ਦੇ ਕਵਰ ਤੇ ਲਿਖਿਆ ਹੈ—

"ਸੇਵਕ ਸੱਚੇ ਸਾਹ ਕੇ ਵਿਚ ਉਹਨਾਂ ਧਰਮੀ ਜੀਵੜਿਆਂ ਨੂੰ ਹੀ ਸ਼ਾਮਲ ਕੀਤਾ ਜਾ ਸਕਿਆ ਹੈ ਜਿਹੜੇ ਪੌਣੀ ਸਦੀ ਤੋਂ ਵਧ ਆਰਬਲਾ ਭੋਗ ਚੁੱਕੇ ਹਨ। ਉਹਨਾਂ ਦੇ ਵਿਅਕਤੀ ਚਿਤਰ ਪੜ੍ਹ ਕੇ, ਉਹਨਾਂ ਦੇ ਜੀਵਨ ਅਨੁਸਾਰ ਆਪਣੇ ਆਪ ਨੂੰ ਢਾਲਣ ਲਈ ਬਹੁਤ ਕੁਝ ਸਿੱਖਣ, ਸਮਝਣ, ਪ੍ਰਾਪਤ ਕਰਨ ਅਤੇ ਮਨ ਵਿਚ ਵਧਾਉਣ ਦੀ ਪ੍ਰੇਰਨਾ ਇਸ ਪੁਸਤਕ ਵਿਚੋਂ ਮਿਲੇਗੀ।"

ਇਹਨਾਂ ਬਜ਼ੁਰਗਾਂ ਦਾ ਸੰਪਰਕ ਨਾਮਧਾਰੀ ਇਤਿਹਾਸ ਅਤੇ ਗੁਰੂ ਸਾਹਿਬਾਨ ਦੇ ਅਤੀਤ ਨਾਲ ਜਾ ਜੁੜਦਾ ਹੈ। ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਕਾਲ ਦੇ ਇਤਿਹਾਸ ਨੂੰ ਜੋੜਨ ਵਾਲੇ ਇਹ ਵਿਅਕਤੀ ਹਨ। ਸਮਰਪਿਤ ਵਿਅਕਤੀ।

ਪੁਸਤਕ ਦੀ ਖੂਬੀ ਇਹ ਹੈ ਕਿ ਪਾਠਕ ਦਾ ਮਨ ਵੀ ਉਸੇ ਰੰਗ ਵਿਚ ਰੰਗਿਆ ਜਾਂਦਾ ਹੈ। ਮਨ ਵਿਚ ਸ਼ਰਧਾ ਦਾ ਸੰਚਾਰ ਹੁੰਦਾ ਹੈ। ਸਰਲ ਸਾਦੇ ਸ਼ਬਦਾਂ ਵਿਚ ਵਾਰਤਾ ਇਕ ਮਟਕ ਨਾਲ ਤੁਰੀ ਜਾਂਦੀ ਹੈ ਅਤੇ ਪਾਠਕ ਇਸੇ ਰਸ ਵਿਚ ਲੀਨ ਅਗੇ ਪੜ੍ਹਦਾ ਜਾਦਾ ਹੈ।

ਜੀਅ ਲੋਚਦਾ ਹੈ ਕਿ ਇਹਨਾਂ ਸੇਵਕਾਂ ਦੀਆਂ ਤਸਵੀਰਾਂ ਵੀ ਹੁੰਦੀਆਂ ਪਰ ਤਸਵੀਰਾਂ ਨਾਲ ਉਹ ਮੁੜ ਕੇ 'ਵਿਸ਼ੇਸ਼' ਬਣਦੇ ਹਨ। ਇਹ ਉਹਨਾਂ ਦੇ ਕਰਮ ਮਾਰਗ ਦਾ ਹਿੱਸਾ ਨਹੀਂ। ਇਹ ਉਹਨਾਂ ਦੀ ਜੀਵਨ ਜਾਚ ਦੇ ਆਦਰਸ਼ ਦੇ ਉਲਟ ਹੈ। ਇਸ ਵਾਸਤੇ ਨਾ ਹੀ ਇਸ ਵਿਚ ਕੋਈ ਤਸਵੀਰ ਹੈ, ਨਾ ਕਿਸੇ ਦੇ 'ਦੋ ਸ਼ਬਦ' ਨਾ ਭੂਮਿਕਾ, ਨਾ ਪਰਸੰਸਾ ਪੱਤਰ, ਨਾ ਵਧਾਈ ਸੰਦੇਸ਼ ਨਾ ਪ੍ਰਾਪਤੀਆਂ ਦੀ ਇਸ਼ਤਿਹਾਰਬਾਜ਼ੀ।

ਤਾਰਾ ਸਿੰਘ ਜੀ ਇਸ ਪੁਸਤਕ ਦੀ ਰਚਨਾ ਕਰਕੇ ਵਧਾਈ ਅਤੇ ਸ਼ਾਬਾਸ਼ ਦੇ ਪਾਤਰ ਹਨ। ਪਰਸੰਸਾ ਦੇ ਪਾਤਰ ਸ. ਹਰਵਿੰਦਰ ਸਿੰਘ ਹੰਸਪਾਲ ਵੀ ਹਨ ਜੋ ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ ਦੇ ਪ੍ਰਧਾਨ ਹਨ ਅਤੇ ਪੁਸਤਕ ਦੇ ਪ੍ਰਕਾਸ਼ਕ ਵੀ। ਸਾਰਿਆਂ ਨੇ ਸ਼ੁਕਰਗੁਜ਼ਾਰ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੋਣਾ ਹੈ। ਜਿਨ੍ਹਾਂ ਦੀ ਲੀਲ੍ਹਾ ਦਾ ਇਕ ਅੰਸ਼ ਹੈ।

ਪੁਸਤਕ ਦਾ ਕਵਰ ਡੀਜ਼ਾਈਨ ਨਿਰੰਜਨ ਸਿੰਘ ਜਯੋਤੀ ਨੇ ਕੀਤਾ ਹੈ। ਛਪਾਈ ਜਨਤਕ ਪਰੈਸ ਦਿੱਲੀ ਨੇ ਕੀਤੀ ਹੈ। ਲਿਖਿਆ ਮੁੱਲ ੮੦ ਰੁਪਏ ਹੈ। ਪੰਨੇ ੧੭੨ ਹਨ। ਮਿਲਣ ਦਾ ਪਤਾ ਹੈ ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ, ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ, ਨਵੀਂ ਦਿੱਲੀ-੧੧੦੦੧੫। ਨਾਮਧਾਰੀ ਸਮਾਗਮਾਂ ਤੇ ਅਤੇ ਸ੍ਰੀ ਭੈਣੀ ਸਾਹਿਬ ਤੋਂ ਵੀ ਪੁਸਤਕ ਮਿਲ ਸਕਦੀ ਹੈ।

—ਜਗਦੀਸ਼ ਸਿੰਘ


TRADE **OSTER KNIT** MARK

**Top in Fashion Craze Knit**

Manufacturers :

Gents Pullovers, Ladies Cardigon in Pure Wool and Summer Garments in Acryl Fabrics

**UDEY KNITWEARS**

Street No. 3, Jammu Colony,
LUDHIANA-3.

Hello : Off. 36349, 405338, Resi. 32449
Grams : "Udey Knitwears"



Sri Satguru Jagjit Singh Ji eLibrary NamdhariElibrary@gmail.com

# ਸਹਿਯੋਗ

## ਸੰਤ ਪੂਰਨ ਸਿੰਘ ਜੀ ਦਾ ਵਰ੍ਹੀਨਾ

ਮਿਤੀ ੩੧ ਮਾਰਚ ੧੯੯੨ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੰਤ ਪੂਰਨ ਸਿੰਘ ਜੀ ਪਾਸਲਾ ਵਾਲਿਆਂ ਨਮਿਤ ਵਰ੍ਹੀਨੇ ਦੇ ਪਾਠ ਦੇ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਨਾਮ ਸਿਮਰਨ ਅਤੇ ਹਜ਼ੂਰੀ ਰਾਗੀਆਂ ਦੁਆਰਾ ਕੀਰਤਨ ਹੋਇਆ। ਸੰਤਾਂ ਦੇ ਸਪੁੱਤਰਾਂ ਸ: ਮਹਿੰਦਰ ਸਿੰਘ ਜੀ, ਸੰਤ ਤਰਸੇਮ ਸਿੰਘ ਜੀ (ਸਾਬਕਾ ਸਕੱਤਰ ਸਤਿਗੁਰੂ ਜਗਜੀਤ ਸਿੰਘ ਜੀ) ਅਤੇ ਜੁਗਿੰਦਰ ਸਿੰਘ ਜੀ ਵਲੋਂ ਧਰਮ ਸਮਾਜ ਦੇ ਕਾਰਜਾਂ ਵਾਸਤੇ ਮਾਇਆ ਅਰਪਿਤ ਕੀਤੀ ਗਈ। ਵਰਿਆਮ ਨੂੰ ੧੦੦/-ਰੁਪਏ ਭੇਜੇ ਗਏ ਹਨ।

## ਸ: ਦਰਸ਼ਨ ਸਿੰਘ ਦਿਲੀ ਵਲੋਂ ਸਹਿਯੋਗ

ਸ: ਦਰਸ਼ਨ ਸਿੰਘ ਜੀ ਪਸਚਿਮ ਵਿਹਾਰ ਨਵੀਂ ਦਿੱਲੀ ਵਾਲੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਪ੍ਰਸਿਧ ਸੂਬੇ ਅਤੇ ਨਾਮਧਾਰੀ ਅੰਦੋਲਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਜ਼ਾਰੀ ਬਾਗ ਜੇਲ੍ਹ ਵਿਚ ਸ਼ਹੀਦ ਹੋਣ ਵਾਲੇ ਸੂਬਾ ਸਾਹਿਬ ਸਿੰਘ ਜੀ ਦੇ ਵੰਸ਼ ਵਿਚੋਂ ਹਨ। ਵਰਿਆਮ ਦੇ ਆਪ ਪ੍ਰਸੰਸਕ ਅਤੇ ਮਿੱਤਰ ਹਨ, ਵਰਿਆਮ ਪ੍ਰਤੀ ਪਿਆਰ ਜਤਾਉਂਦੇ ਹੋਏ ਇਕ ਸੌ ਰੁਪਏ ਭੇਜਦੇ ਹਨ।

## ਸੰਤ ਚਰਨਜੀਤ ਸਿੰਘ ਲਖਨਊ ਵਲੋਂ

ਸੰਤ ਚਰਨਜੀਤ ਸਿੰਘ ਲਖਨਊ ਵਾਲਿਆਂ ਆਪਣੇ ਪਿਤਾ ਜੀ ਦੀ ਯਾਦ ਵਿਚ ਆਪਣੇ ਨਿਵਾਸ-ਅਸਥਾਨ ਚੰਦਰ ਨਗਰ ਲਖਨਊ ਵਿਖੇ ਪਾਠ ਦਾ ਭੋਗ ਪੁਆਇਆ। ਇਸ ਅਵਸਰ ਤੇ ੫੦/-ਰੁਪਏ ਸਹਿਯੋਗ ਜਥੇਦਾਰ ਹਜ਼ਾਰਾ ਸਿੰਘ ਰਾਹੀਂ ਭੇਜਿਆ ਹੈ।

## ਸ: ਰਮਣੀਕ ਸਿੰਘ ਜੀ ਦਿੱਲੀ ਵਲੋਂ

ਟੈਲੀਵੀਯਨ ਸੈਂਟਰ ਕਰੋਲ ਬਾਗ ਨਵੀਂ ਦਿੱਲੀ ਵਾਲੇ ਸ: ਰਮਣੀਕ ਸਿੰਘ ਜੀ ੫੦/-ਰੁਪਏ ਸਹਿਯੋਗ ਵਰਿਆਮ ਲਈ ਭੇਜਦੇ ਹਨ।

## ਸੰਤ ਕਪੂਰ ਸਿੰਘ ਕਾਨਪੁਰ ਨਮਿਤ ਭੋਗ

ਸੰਤ ਕਪੂਰ ਸਿੰਘ ਜੀ ਕਾਨਪੁਰ ਵਾਲਿਆਂ ਨਮਿਤ ਵਰ੍ਹੀਨੇ ਦਾ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿਚ ਦਿੱਲੀ ਵਿਖੇ ਪਾਇਆ ਗਿਆ। ਇਸ ਸੰਬੰਧ ਵਿਚ ੧੦੦/-ਰੁਪਏ ਸਹਾਇਤਾ ਸੰਤ ਸਤਨਾਮ ਸਿੰਘ ਰਾਹੀਂ ਪੁਜੀ ਹੈ।

## ਮਾਤਾ ਚੰਨਣ ਕੌਰ ਕਾਨਪੁਰ ਨਮਿਤ ਭੋਗ

ਜਥੇਦਾਰ ਸੇਵਾ ਸਿੰਘ ਮਲ੍ਹੇਹ ਵਾਲੇ ਰਮੇਸ਼ ਨਗਰ ਦਿੱਲੀ ਵਲੋਂ ਆਪਣੀ ਧਰਮ ਮਾਤਾ, ਮਾਤਾ ਚੰਨਣ ਕੌਰ ਕਾਨਪੁਰ ਨਮਿਤ ਪਾਠ ਦਾ ਭੋਗ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਚ ੨੩ ਜੂਨ, ੧੯੯੨ ਨੂੰ ਪਾਇਆ ਗਿਆ। ਵਰਿਆਮ ਵਾਸਤੇ ੫੦/-ਰੁਪੈ ਸਹਾਇਤਾ ਭੇਜੀ ਗਈ ਹੈ।

## ਸ: ਗੁਰਦਿਤ ਸਿੰਘ ਗਾਂਧੀ ਨਗਰ ਨਮਿਤ ਮੇਲਾ

ਸ: ਗੁਰਦਿਤ ਸਿੰਘ ਨਾਮਧਾਰੀ ਗਾਂਧੀ ਨਗਰ ਨਵੀਂ ਦਿੱਲੀ ਵਾਲੇ ੨੧ ਜੂਨ ੧੯੯੨ ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੀ ਜੀਵ ਆਤਮਾ ਨਮਿਤ ਗੁਰਬਾਣੀ ਦੇ ਪਾਠ ਦਾ ਭੋਗ ੨੭ ਜੂਨ ੯੨ ਨੂੰ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਸਵਰਗੀ ਜੀ ਦੇ ਭਤੀਜਿਆਂ ਸ: ਨਰਿੰਦਰ ਸਿੰਘ ਖੁਰਾਨਾ, ਗੁਰਮੁਖ ਸਿੰਘ ਖੁਰਾਨਾ, ਸੁਖਬੀਰ ਸਿੰਘ ਖੁਰਾਨਾ ਅਤੇ ਜਤਿੰਦਰ ਸਿੰਘ ਖੁਰਾਨਾ ਵਲੋਂ ਇਸ ਅਵਸਰ ਤੇ ੧੦੦/-ਰੁਪਏ ਵਰਿਆਮ ਵਾਸਤੇ ਭੇਜੇ ਗਏ ਰਾਹੀਂ ਸੰਤ ਸਤਿਨਾਮ ਸਿੰਘ।

## ਮਾਤਾ ਧੰਨ ਕੌਰ ਸੁਰਗਵਾਸ

ਪਧਾਣੇ ਵਾਲੇ ਸੰਤ ਕਰਤਾਰ ਸਿੰਘ ਜੀ ਦੇ ਘਰੋਂ ਮਾਤਾ ਧੰਨ ਕੌਰ ਜੀ ੨੧ ਅਗਸਤ ੧੯੯੨ ਨੂੰ ਚੜ੍ਹਾਈ ਕਰ ਗਏ। ਆਪ ਜੀ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ੨੭ ਅਗਸਤ ੧੯੯੨ ਨੂੰ ਪਾਇਆ ਗਿਆ। ਪੰਡਿਤ ਗੋਪਾਲ ਸਿੰਘ ਜੀ ਨੇ ਦੀਵਾਨ ਸਜਾਇਆ ਅਤੇ ਰਾਗੀਆਂ ਸਿੰਘਾਂ ਕੀਰਤਨ ਕੀਤਾ। ਮਾਤਾ ਜੀ ਦੇ ਸਪੁਤਰਾਂ ਜਥੇਦਾਰ ਪ੍ਰੀਤਮ ਸਿੰਘ ਦਿੱਲੀ, ਜਥੇਦਾਰ ਜੋਗਾ ਸਿੰਘ ਦਿੱਲੀ, ਜਥੇਦਾਰ ਕੁਲਦੀਪ ਸਿੰਘ ਫਗਵਾੜਾ ਅਤੇ ਸ: ਗੁਰਦਿਆਲ ਸਿੰਘ ਜੀ ਵਲੋਂ ਇਸ ਅਵਸਰ ਤੇ ਵਰਿਆਮ ਵਾਸਤੇ ੫੧/-ਰੁਪਏ ਸਹਾਇਤਾ ਭੇਜੀ ਗਈ ਹੈ।

## ਮਾਤਾ ਕਿਸ਼ਨ ਕੌਰ ਬਸਤੀ ਭੂਰੇ ਖਾਂ ਸਵਰਗਵਾਸ

ਸ: ਗੁਰਚਰਨ ਸਿੰਘ ਬਸਤੀ ਭੂਰੇ ਖਾਂ ਜਲੰਧਰ ਦੀ ਪੂਜ-ਮਾਤਾ ਕਿਸ਼ਨ ਕੌਰ ਪਿਛਲੇ ਦਿਨੀਂ ਚੜ੍ਹਾਈ ਕਰ ਗਏ। ਸਵਰਗੀ ਨਮਿਤ ਪਾਠ ਦਾ ਭੋਗ ਨਾਮਧਾਰੀ ਗੁਰਦੁਆਰਾ ਬਸਤੀ ਭੂਰੇ ਖਾਂ ਵਿਚ ਪਾਇਆ ਗਿਆ। ਪ੍ਰੋ: ਕਿਰਪਾਲ ਸਿੰਘ ਜੀ ਨੇ ਕੀਰਤਨ ਕੀਤਾ। ਸ: ਕੁਲਦੀਪ ਸਿੰਘ ਭਾਟੀਆ ਕੌਂਸਲਰ ਤੇ ਜਗਦੀਸ਼ ਸਿੰਘ ਵਰਿਆਮ ਵਲੋਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਵਰਿਆਮ ਨੂੰ ੫੧/-ਰੁਪਏ ਸਹਾਇਤਾ ਦਿਤੀ ਗਈ।

## ਨਾਮਧਾਰੀ ਸੰਗਤ ਲੁਧਿਆਣਾ ਵਲੋਂ

ਰਾਇਕੋਟ ਦੇ ਸ਼ਹੀਦਾਂ ਦੀ ਯਾਦ ਵਿਚ ਕੀਤੇ ਮੇਲੇ ਸਮੇਂ ੧੦੦ ਰੁਪਿਆ ਵਰਿਆਮ ਨੂੰ ਪੁਜਿਆ ਹੈ।


Sri Satguru Jagjit Singh Ji eLibrary NamdhariElibrary@gmail.com

Manufacturers of :
Solvent Extraction Plant
and Cattle Feed Plant Accessories

**Matharu Engineering Works**

Sultanpur Road,
Near Charbatti Chowk,
KAPURTHALA.
P.O. Box No. 64,
Phone : 2027
Partner-S. Swaran Singh Matharu

---

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੂਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ।
ਫੋਨ : 59869

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ

ਦਰਵਾਜ਼ੇ, ਖਿੜਕੀਆਂ, ਰੋਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ 'ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.

---

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ।

---

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for
Marriages Parties & Govt. Functions

**Namdhari Tent House**

53, Hamidia Road Near Alpana Talkies,
BHOPAL (M.P.)

---

Manufacturers of :
ALL KINDS OF WOODEN FURNITURE

**PARTAP**
**Furnishers & Packers**

Phone : 5441481

Showroom : B-204, Mansrover Garden,
NEW DELHI-110015.

Works : A-3, Sudershan Park,
NEW DELHI-15.

Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI

ALL KINDS OF MARBLE STONE SUPPLIERS

**WZ-2, Mansarover Garden, Ring Road,**

**NEW DELHI-110015**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 58795

**Makhan Singh Saggu**

**Narinder Singh Saggu**

# TECHNO INDUSTRIES

Manufacturers, Fabricators & Exporters Industrial Chain Sprockets & Sugar Mill Spares All Types of Graded Casting & Machinery Parts

**E.D. 311, Old Railway Road,**

**JALANDHAR-144 001.**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

# SAGGU
# IRON INDUSTRIES

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu

**Old Railway Road, JALANDHAR.**

Phone : 61040
Code : 01824

**For Fitting Diesel Engines in Foreign and Indian Cars bodies Contact**

# Amarjit Motor Garage

**G.T. Road, Opp. Jalandhar Octroi Post,**

**PHAGWARA (Pb.)**

**Specialists in :**

**Mercedes Benz Car Repairing**



Sri Satguru Jagjit Singh Ji eLibrary NamdhariElibrary@gmail.com

# JANTA
## HYDRAULIC PRESSES



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

Manufacturers of:
* SONY
* EAGLE
* VIZLA

NJI

**PRESSURE COOKERS**

Phone: 5417155

# N.J. INDUSTRIES
F-99, Bali Nagar, New Delhi- 110015

*Narender Singh* Prop.

GOLD MEDAL WINNER (1982-1983)

# JAYSON®
**ELECTRIC MOTORS**
FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634


Sri Satguru Jagjit Singh Ji eLibrary NamdhariElibrary@gmail.com

ਵਰਿਆਮ ਲਈ ਸ਼ੁਭ ਇਛਾਵਾ :

ਸ. ਅਜੀਤ ਸਿੰਘ ਨਾਮਧਾਰੀ

ਨਾਮਧਾਰੀ ਬ੍ਰਦਰਜ਼, ਡਾਲਟਨ ਗੰਜ (ਬਿਹਾਰ)

**Namdhari Brothers**

DALTON GANJ (Bihar)

Prop. : S. AJIT SINGH NAMDHARI

**GOLD STAR**

HOME ELECTRICAL APPLIANCES

SUPERB TECHNOLOGY
STAR PERFORMANCE



Sole Distributors :

TELEVISION SERVICE CENTRE (REGD.)

23, Beadonpura, Karol Bagh, NEW DELHI-110005

Phones : Service Centre : 5712477
Show Room : 5727552
Gold Star . 7227095

Telex - 31-79088 IEC IN
Grams : HOUSE QUEEN

ALWAYS INSIST UPON MEX




SWITCHGEARS &
MOTOR STARTERS
FOR PERFECT AND
TROUBLE-FREE
PERFORMANCE




MEX SWITCHGEARS PVT. LTD
REGD. OFFICE 9TH KILOMETER, PATHANKOT ROAD, JALANDHAR.
PHONES. 72116, 76572 72118

# ਅੰਬਰ ਬਿਸਕੁਟ ਪ੍ਰਾ: ਲਿ:

## ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

# AMBER BISCUITS Pvt. Ltd.

SANTOSH NAGAR, X'ROAD, HYDERABAD-500035 INDIA



Sri Satguru Jagjit Singh Ji eLibrary NamdhariElibrary@gmail.com

ਵਰਿਆਮ

ਸਤੰਬਰ—੧੯੯੨ ਜਿਲਦ—੧੭ ਅੰਕ—੧੧

ਤਤਕਰਾ

ਨਾਨਕ ਜੀਅ ਕਾ ਇਹੈ ਆਧਾਰ
—ਜਗਦੀਸ਼ ਸਿੰਘ ੬
ਨਾਮ ਬਿਨਾ ਜੋ ਪਹਿਰੈ ਖਾਏ
—ਜਸਟਿਸ ਮਹਿੰਦਰ ਸਿੰਘ ਜੋਸ਼ੀ ੮
ਜੱਪ ਪ੍ਰਯੋਗ ਦਾ ਆਰੰਭ ਇਵੇਂ ਹੋਇਆ
—ਜਗਦੀਸ਼ ਸਿੰਘ ੯
ਯਾਤਰਾ ਦੀ ਸਾਖੀ —ਡਾ: ਅਮਰ ਭਾਰਤੀ ੧੧
ਸਿਠਾਣੀ ਅਤੇ ਸਤੀ ਸਾਧਵੀ —ਪ੍ਰੀਤਮ ਸਿੰਘ ਕਵੀ ੧੫
ਚਿੱਠੀ ਦੇਵ ਲੋਕ ਨੂੰ —ਸੇਠ ਤ੍ਰਲੋਕ ਸਿੰਘ ਚਾਵਲਾ ੧੬
ਇਕ ਕੌਸ਼ ਦਾ ਜਨਮ (੫) —ਸੁਰਜੀਤ ਖ਼ੁਰਸ਼ੀਦੀ ੧੯
ਦੁਨੀਆ ਦਾ ਸਭ ਤੋਂ ਵੱਡਾ ਮੇਲਾ : ਓਲੰਪਿਕਸ
—ਜਸਪਾਲ ਸ਼ੇਤਰਾ ੨੦
ਖ਼ਬਰਨਾਮਾ...... ੨੨

ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੫.੦੦ ਰੁਪਏ |
| ਸਾਲਾਨਾ ਚੰਦਾ | ੫੦.੦੦ ,, |
| ਤਿੰਨ ਸਾਲ ਵਾਸਤੇ | ੧੨੦.੦੦ ,, |
| ਚਾਰ ਸਾਲ ਵਾਸਤੇ | ੧੭੦.੦੦ ,, |
| ਪੰਜ ਸਾਲ ਵਾਸਤੇ | ੨੦੦.੦੦ ,, |
| ਉਮਰ ਭਰ ਵਾਸਤੇ | ੫੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ |

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill
Jalandhar-144001

ਫੋਨ : ਦਫਤਰ : ੨੨੨੫੪੩
ਘਰ : ੫੬੨੮੯

# ਸਾਰਾ ਹੀ ਦੁਖੁ ਪ੍ਰਮੇਸਰ ਦੇ ਭਜਨ ਤੇ ਕਟਿ ਜਾਊਗਾ

ਜਿਥੇ ਨਾ ਹੋਊ ਸਾਰੇ ਸੁਕ੍ਰਿਤ ਆ 'ਕੱਠੇ ਹੋਣਗੇ ਅਰ ਸਾਰੇ ਈ ਦੁਕ੍ਰਿਤ ਭਜਿ ਜਾਣਗੇ ।

——

ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ ਬੁਢੇ ਬਾਲੇ ਨੇ । ਜੋ ਬਾਣੀ ਪੜੇਗਾ ਅਰ ਭਜਨ ਕਰੇਗਾ ਸੋ ਉਸ ਦੇ ਵਾਸਤੇ ਸਭ ਸੁਖ ਹੋਣਗੇ । ਰਿਜਕ ਦੇ ਵਿਚ ਵੀ ਬਰਕਤ ਹੋਊਗੀ ਸਰੀਰ ਬੀ ਅਰੋਗ ਰਹੇਗਾ ।

——

ਭਜਨ ਬਿਨਾ ਦੁਬਾਈ ਬੀ ਫੈਦਾ ਨਹੀਂ ਕਰਦੀ ।

——

ਹੋਰੁ ਜੀ ਜਿਸ ਜਿਸ ਸਰੀਰ ਨੇ ਕਿਹਾ ਹੈ ਕਿ ਮੈਨੂੰ ਇਹ ਦੁਖੁ ਹੈ, ਇਹੁ ਦੁਖੁ ਹੈ, ਸੋ ਸਭੋ ਹੀ ਦੁਖੁ ਕਟਿ ਜਾਊਗਾ । ਢੂਹੀ ਦੁਖੁ, ਸੰਨਪਾਤ, ਮਿਰਗੀ ਬੀ, ਭੂਤ ਭੀ, ਹੋਰੁ ਬੀ ਜੋ ਮਾਨੁਖਾ ਕੋ ਮਾਨੁਖ ਦੁਖੁ ਦੇ ਰਹੈ, ਹੋਰ ਬੀ ਜੋ ਨੰਗ ਭੁਖੁ ਕਾ ਦੁਖੁ ਹੈ, ਸੋ ਸਾਰਾ ਈ ਦੁਖੁ ਪ੍ਰਮੇਸਰ ਦੇ ਭਜਨ ਤੇ ਕਟਿ ਜਾਉਗਾ । ਗੁਰੂ ਜੀ ਦਾ ਹੁਕਮੁ ਹੈ ਜੋ ਸਰਬ ਰੋਗ ਕਾ ਆਉਖਦੁ ਨਾਮੁ । ਸੋ ਜੀ ਨਾਮ ਦਾ ਤੇ ਬਾਣੀ ਪੜਨ ਦਾ ਏਹੁ ਬਡਾ ਮਹਾਤਮੁ ਹੈ । ਸੋ ਸਵਾ ਪਹਿਰੁ ਰਾਤ ਤੇ ਪਹਿਰ ਤੇ ਉਠਕੇ ਹਮੇਸਾ ਸਨਾਨ ਕਰਨਾ, ਬਾਣੀ ਪੜਨੀ ਫੇਰ ਭਜਨੁ ਕਰਨਾ ਦਿਨ ਰਾਤ ਕੰਮ ਕਾਰ ਮੈ ਜਿੰਨਾ ਹੋਇ ਆਵੇ ਅਰੁ ਜਥਾ ਸਕਤ ਦਾਨ ਕਰਨਾ ਅਰੁ ਕਿਸੇ ਦੀ ਕੋਈ ਬੀ ਚੀਜ ਚਕਣੀ ਚੁਰਾਉ ਨਾ ਪਰੁ ਪਿਛਾ ਰਾਤ ਨਾਉਣਾ ਜਰੂਰ ਤਾਂ ਸਾਰੇ ਹੀ, ਸਭਿ ਦੇ ਦੁਖ ਕਟਿ ਜਾਣਗੇ । ਇਹ ਸਭ ਕੋ ਸੁਣਾ ਦੇਣਾ ।

——

ਭਜਨੁ ਬਾਣੀ ਦਾ ਹੁਕਮੁ ਸਭ ਕੋ ਸੁਣਾ ਦੇਣਾ, ਅਰੁ ਪਿਛਾ ਰਾਤ ਨਾਇਕੇ ਜੋ ਭਜਨ ਕਰੂਗਾ, ਓਸਦਾ ਸਾਰਾ ਦੁਖੁ ਜਾਊਗਾ । ਏਥੇ ਸਾਨੂੰ ਭੀ ਬਡਾ ਦੁਖੁ ਹੋਆ ਥਾ, ਸਰੀਰ ਤੜਫਦਾ ਸੀ ਰਾਤ ਦਿਨ । ਜਿਸ ਦਿਨ ਤੇ ਪਿਛਾ ਰਾਤ ਨ੍ਹਾ ਕੇ ਭਜਨੁ ਬਾਣੀ ਕਰਨ ਲਗੇ, ਓਸੇ ਦਿਨ ਤੇ ਠੰਢ ਬਰਤ ਗਈ ਸਾਨੂੰ ।......

—ਸਤਿਗੁਰੂ ਰਾਮ ਸਿੰਘ ਜੀ ਦੇ ਵੱਖ ਵੱਖ ਹੁਕਮਨਾਮਿਆਂ 'ਚੋਂ



Sri Satguru Jagjit Singh Ji eLibrary NamdhariElibrary@gmail.com

# ਨਾਨਕ ਜੀਅ ਕਾ ਏਹੈ ਆਧਾਰ

ਮਨੁਖ ਨੂੰ ਬਾਰ ਬਾਰ ਸਿਮਰਨ ਕਰਨ ਲਈ ਪ੍ਰੇਰਦੇ ਗੁਰੂ ਅਰਜਨ ਦੇਵ ਜੀ ਨਾਮ ਨੂੰ ਜੀਵਨ ਦਾ ਆਧਾਰ ਮੰਨਦੇ ਹਨ।

"ਸਿਮਰਿ ਸਿਮਰਿ ਨਾਮੁ ਬਾਰੰ ਬਾਰ
ਨਾਨਕ ਜੀਅ ਕਾ ਇਹੈ ਆਧਾਰ" (ਪੰ. ੨੯੫)

ਨਾਮ ਦੀ ਮਹਿਮਾ ਨਾਲ ਸਮੁਚੀ ਬਾਣੀ ਲਬਾਲਬ ਹੈ। ਅਤੇ ਬਾਣੀ ਦਾ ਧੁਰਾ ਹੈ ਸਤਿਗੁਰੂ। ਆਦਿ ਬਾਣੀ ਦਾ ਆਰੰਭ ੧ਓ ਤੋਂ ਹੁੰਦਾ ਹੈ ਉਸ ਦੇ ਨਾਲ ਹੀ ਇਸ ਓਅੰਕਾਰ ਦੀ ਪਹਿਲੀ ਸਿਫਤ ਸਤਿਨਾਮੁ ਹੈ ਅਤੇ ਇਸ ੧ਓ ਦੀ ਲਖਤਾ ਦਾ ਮਾਧਿਅਮ ਗੁਰ ਪ੍ਰਸਾਦਿ ਦਸਿਆ ਹੈ। ਗੁਰ ਪ੍ਰਸਾਦਿ ਭਾਵ ਗੁਰੂ ਕ੍ਰਿਪਾ। ਇਸ ਤਰ੍ਹਾਂ ਸ਼ੁਰੂ ਵਿਚ ਹੀ ਨਾਮ ਅਤੇ ਸਤਿਗੁਰੂ ਦਾ ਸੰਬੰਧ ਨਿਰਧਾਰਿਤ ਹੋ ਜਾਂਦਾ ਹੈ। ਬਾਕੀ ਸਮੁਚੀ ਬਾਣੀ ਇਸੇ ਦਾ ਵਿਸਥਾਰ ਹੈ।

ਗੁਰੂ ਦਾ ਜੋ ਸਿਖ ਅਖਵਾਉਂਦਾ ਹੈ ਉਸ ਦਾ ਤਾਂ ਪ੍ਰਥਮ ਕਾਰਜ ਹੀ ਨਾਮ ਜਪਣਾ ਦਸਿਆ ਹੈ। ਗੁਰੂ ਰਾਮਦਾਸ ਜੀ ਫਰਮਾਂਦੇ ਹਨ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਇ
ਸੁ ਭਲਕੇ ਉਠਿ ਹਰਨਾਮੁ ਧਿਆਵੈ (ਪੰ. ੩੦੫)

ਇਸ ਪਰਥਾਇ ਚੌਥੇ ਗੁਰੂ ਸਾਹਿਬ ਨੇ ਕੁਝ ਸਖਤ ਸ਼ਬਦ ਵੀ ਵਰਤੇ ਹਨ। ਜਿਨ੍ਹਾਂ ਦੇ ਹਿਰਦੇ ਵਿਚ ਨਾਮ ਨਹੀਂ ਉਹਨਾਂ ਦੀ ਮਾਂ ਨੂੰ ਬਾਂਝ ਕਰਨ ਦੀ ਗੱਲ ਤਕ ਕਹਿ ਦਿਤੀ ਹੈ।

ਜਿਨ ਹਰਿ ਹਿਰਦੈ ਨਾਮੁ ਨ ਬਸਿਓ
ਤਿਨ ਮਾਤ ਕੀਜੈ ਹਰਿ ਬਾਂਝਾ (ਪੰ. ੬੯੭)

ਇਹ ਨਾਮ ਜੋ ਜੀਵ ਦਾ ਉਧਾਰ ਕਰਨ ਵਾਲੀ ਵਸਤੂ ਹੈ ਇਹ ਆਪਣੇ ਆਪ ਉਪਲਬਧ ਨਹੀਂ ਹੁੰਦੀ। ਰੱਬ ਨੇ ਐਸੀ ਬਣਤਰ ਬਣਾ ਦਿਤੀ ਹੈ ਕਿ ਬਗੈਰ ਸਤਿਗੁਰ ਤੋਂ ਨਾਮ ਦੀ ਪਰਾਪਤੀ ਨਹੀਂ ਹੈ। ਬਾਣੀ ਰਾਹੀਂ ਗੁਰੂ ਜੀ ਨੇ ਦਸਿਆ ਹੈ :

ਬਿਨ ਸਤਿਗੁਰੁ ਕੋ ਨਾਉ ਨਾ ਪਾਏ
ਪ੍ਰਭਿ ਐਸੀ ਬਣਤ ਬਣਾਈ ਹੇ
(ਮ: ੩, ਪੰ. ੧੦੪੬)

ਅਨੇਕਾਂ ਸ਼ਬਦਾਂ ਦੁਆਰਾ ਵਖ ਵਖ ਦ੍ਰਿਸ਼ਟਾਂਤਾਂ ਰਾਹੀਂ ਇਹ ਹੀ ਗੱਲ ਗੁਰੂ ਸਾਹਿਬਾਨ ਦੁਹਰਾਈ ਹੈ ਕਿ ਨਾਮ ਦੀ ਪ੍ਰਾਪਤੀ ਵਾਸਤੇ ਗੁਰੂ ਤੋਂ ਸਿਵਾ ਹੋਰ ਕੋਈ ਥਾਂ ਹੈ ਹੀ ਨਹੀਂ। ਗੁਰੂ ਇਸ ਵਸਤ ਦਾ ਸ਼ਾਹੂਕਾਰ, ਭੰਡਾਰੀ ਹੈ। ਇਹ ਗੁਰੂ ਦਾ ਪਰਉਪਕਾਰ ਹੈ ਕਿ ਉਹ ਨਾਮ ਦਿੰਦਾ ਹੈ ਇਸੇ ਕਰਕੇ ਹੀ ਤਾਂ ਗੁਰੂ ਦਾ ਪਿਤਾ ਗੁਰੂ ਦੀ ਮਾਤਾ ਨੂੰ ਧੰਨ ਕਿਹਾ ਹੈ :

ਗੁਰ ਬਿਨ ਦੂਜਾ ਨਾਹੀ ਥਾਉ
ਗੁਰ ਦਾਤਾ ਗੁਰੁ ਦੇਵੈ ਨਾਉ
(ਮ: ੫, ਪੰ. ੩੯੭)

ਸਤਿਗੁਰੁ ਸਾਹੁ ਸਿਖ ਵਣਜਾਰੇ
ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ
(ਮ: ੫, ਪੰ. ੪੩੦)

ਬਿਨ ਸਤਿਗੁਰ ਨਾਉ ਨ ਪਾਈਐ
ਬੁਝਹੁ ਕਰਿ ਵੀਚਾਰੁ
(ਮ: ੩, ਪੰ. ੬੫੯)

ਸਤਿਗੁਰਿ ਮੰਤ੍ਰ ਦੀਓ ਹਰਿਨਾਮ
ਇਹ ਆਸਰ ਪੂਰਨ ਭਏ ਕਾਮ
(ਮ: ੫, ਪੰ. ੧੯੬)

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ।।
ਹਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿਨਾਮੁ ਮੈ ਜਾਤਾ ।।
(ਮ: ੩, ਪੰ. ੫੯੨)

ਗੁਰੂ ਸਾਹਿਬਾਨ, ਸੰਤਾਂ ਭਗਤਾਂ ਅਤੇ ਹੋਰ ਬਾਣੀਕਾਰਾਂ ਨੇ ਆਪਣੇ ਆਪਣੇ ਅਨੁਭਵਾਂ ਰਾਹੀਂ ਗੁਰੂ ਦੇ ਸੰਕਲਪ, ਗੁਰੂ ਦੀ ਮਹਿਮਾ, ਗੁਰੂ ਦੀਆਂ ਸ਼ਕਤੀਆਂ ਨੂੰ ਅਣਗਿਣਤ ਰੂਪਾਂ ਵਿਚ ਵਰਨਣ ਕੀਤਾ ਹੈ। ਇਸ ਤੋਂ ਇਹ ਭਲੀ ਪ੍ਰਕਾਰ ਸਿਧ ਹੋ ਜਾਂਦਾ ਹੈ ਕਿ ਨਾਮ ਅਤੇ ਗੁਰੂ ਦਾ ਆਪਸੀ ਸੰਬੰਧ ਅਟੁੱਟ ਹੈ। ਨਾਮ ਗੁਰੂ ਬਿਨਾਂ ਨਹੀਂ ਮਿਲਦਾ ਅਤੇ ਸੱਚਾ ਗੁਰੂ ਬਣਦਾ ਹੀ ਨਾਮ ਨਾਲ ਹੈ। ਜਿਸ ਗੁਰੂ ਕੋਲ ਨਾਮ ਨਹੀਂ ਜੋ ਆਪ ਨਹੀਂ ਜਪਦਾ ਦੂਸਰਿਆਂ 'ਚ ਵੰਡਦਾ ਨਹੀਂ ਉਹ ਗੁਰੂ ਕਾਹਦਾ। ਭਾਈ ਗੁਰਦਾਸ ਆਪਣੇ ਇਕ ਕਬਿਤ ਵਿਚ ਇਸ ਗੱਲ ਨੂੰ ਸਪਸ਼ਟ ਕਰਦੇ ਹਨ। ਉਹ ਕਹਿੰਦੇ ਹਨ ਕਿ ਬਗੈਰ ਹਵਾ ਦੇ ਚੰਦਨ ਦੀ ਖੁਸ਼ਬੋ ਦਾ ਕੋਈ ਗੁਣ ਨਹੀਂ ਅਤੇ ਚੰਦਨ ਬਿਨਾਂ ਹਵਾ ਸੁਗੰਧਤ ਨਹੀਂ ਹੁੰਦੀ। ਜਿਵੇਂ ਵਧੀਆ ਤੋਂ ਵਧੀਆ ਦਵਾਈ ਦੇ ਗੁਣ ਵੈਦ ਬਿਨਾਂ ਅਲੋਪ ਰਹਿੰਦੇ ਹਨ ਅਤੇ ਵੈਦ, ਬਗੈਰ ਦਵਾਈ ਦੇ ਰੋਗ ਨਾਸ ਨਹੀਂ ਕਰ ਸਕਦਾ। ਜਿਵੇਂ ਜਹਾਜ਼ ਬਗੈਰ ਮਲਾਹ ਦੇ ਪਾਰ ਨਹੀਂ ਲਿਜਾ ਸਕਦਾ, ਪਰ ਮਲਾਹ ਦਾ ਜਹਾਜ਼



Sri Satguru Jagjit Singh Ji eLibrary NamdhariElibrary@gmail.com

ਬਿਨਾਂ ਕੀ ਭਰੋਸਾ। ਇਵੇਂ ਗੁਰੂ ਨਾਮ ਤੋਂ ਬਿਨਾਂ ਪਰਮ ਪਦਵੀ ਨੂੰ ਨਹੀਂ ਪਹੁੰਚਦੇ ਅਤੇ ਬਿਨਾਂ ਗੁਰੂ ਤੋਂ ਨਾਮ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਪੂਰਾ ਕਬਿਤ ਹੈ :

ਜੈਸੇ ਬਿਨ ਪਾਵਨ ਕਵਨ ਗੁਨ ਚੰਦਨ ਕੈ
ਬਿਨ ਮਲਿਆਗਰ ਪਵਨ ਕਤ ਬਾਸ ਹੈ।
ਜੈਸੇ ਬਿਨ ਬੈਦ ਅਵਖਦ ਗੁਨ ਗੋਪ ਹੋਤ
ਅਵਖਦ ਬਿਨੁ ਬੈਦ ਰੋਗ ਕੋ ਨ ਗ੍ਰਾਸ ਹੈ।
ਜੈਸੇ ਬਿਨ ਬੋਹਿਥ ਨ ਪਾਰ ਪਰੈ ਖੇਵਟ ਸੈ
ਖੇਵਟ ਬਿਹੂਨ ਕਤ ਬੋਹਿਥ ਬਿਸ੍ਵਾਸ ਹੈ
ਤੈਸੇ ਗੁਰ ਨਾਮ ਬਿਨ ਗੰਮ ਨ ਪਰਮਪਦ
ਬਿਨ ਗੁਰ ਨਾਮ ਨਿਹਕਾਮ ਨ ਪ੍ਰਗਾਸ ਹੈ॥

ਇਕ ਹੋਰ ਕਬਿਤ ਵਿਚ ਉਹ ਕਹਿੰਦੇ ਹਨ ਕਿ ਜਿਵੇਂ ਫਲ ਤੋਂ ਬਿਰਖ ਬਣਦਾ ਹੈ ਅਤੇ ਬਿਰਖ ਤੋਂ ਫਲ ਬਣਦਾ ਹੈ, ਜਿਵੇਂ ਚੰਦਨ ਵਿਚ ਵਾਸ਼ਨਾ ਅਤੇ ਵਾਸ਼ਨਾ ਵਿਚ ਚੰਦਨ ਹੁੰਦਾ ਹੈ, ਜਿਵੇਂ ਅੱਗ ਵਿਚ ਲੱਕੜੀ ਅਤੇ ਲੱਕੜੀ ਵਿਚ ਅੱਗ ਹੁੰਦੀ ਹੈ ਤਿਵੇਂ ਸਤਿਗੁਰ ਵਿਚ ਸਬਦ (ਨਾਮ) ਅਤੇ ਸਬਦ ਵਿਚ ਸਤਿਗੁਰ ਹੁੰਦਾ ਹੈ :

ਜੈਸੇ ਫਲ ਸੈਂ ਬਿਰਖ, ਬਿਰਖ ਸੈਂ ਹੋਤ ਫਲ
ਅਦਭੁਤਿ ਗਤਿ ਕਛੁ ਕਹਿਨ ਨਾ ਆਵੈ ਜੀ।
ਜੈਸੇ ਬਾਸ ਬਾਵਨ ਮੈ ਬਾਵਨ ਹੈ ਬਾਸ ਬਿਖੈ
ਬਿਸਮ ਚਰਿਤ੍ਰ ਕੋਊ ਮਰਮ ਨਾ ਪਾਵੈ ਜੀ।
ਕਾਸ਼ਟ ਮੈ ਅਗਨਿ ਹੈ, ਅਗਨਿ ਮੈ ਕਾਸ਼ਟ ਹੈ
ਅਤਿ ਅਸਚਰਜ ਹੈ ਕੌਤਕ ਕਹਾਵੈ ਜੀ।
ਸਤਿਗੁਰ ਮੈ ਸਬਦ, ਸਬਦ ਮੈ ਸਤਿਗੁਰ ਹੈ
ਨਿਰਗੁਣ ਗਿਆਨ ਧਿਆਨ ਸਮਝਾਵੈ ਜੀ॥

ਅੱਜ ਦੇ ਸਮੇਂ ਵਿਚ ਧਰਮ ਕਰਮ ਕਥਾ ਕੀਰਤਨ ਪਾਠ ਤਾਂ ਬਹੁਤ ਹਨ, ਪਰ ਜਿਹੜੀ ਗੱਲ ਵਲ ਇਹ ਸੰਕੇਤ ਕਰਦੇ ਹਨ, ਨਾਮ ਅਤੇ ਗੁਰੂ ਵਲ ਉਹ ਜਨ ਜੀਵਨ ਵਿਚੋਂ ਮਨਫੀ ਹੁੰਦੇ ਜਾ ਰਹੇ ਹਨ। ਅਗੇ ਵੀ ਬਹੁਤ ਸਮੇਂ ਇਦਾਂ ਦੇ ਆਏ ਹਨ, ਪਰ ਸਦਾ ਹੀ ਗੁਰੂ ਸਤਿਗੁਰੂ ਲੋਕਾਂ ਨੂੰ ਮਾਰਗ ਦਸਦੇ ਕ੍ਰਿਪਾ ਕਰਦੇ ਅਤੇ ਨਾਮ ਧਨ ਲੋਕਾਈ ਨੂੰ ਬਖਸ਼ਦੇ ਆਏ ਹਨ।

ਸ੍ਰੀ ਭੈਣੀ ਸਾਹਿਬ ਉਹ ਪਵਿਤਰ ਧਰਤੀ ਹੈ ਜਿਹੜੀ ਅਜੇਹੇ ਸਤਿਗੁਰੂ ਪੁਰਖਾਂ ਰਾਹੀਂ ਵਰੋਸਾਈ ਹੈ ਜਿਹੜੇ ਸਦਾ ਨਾਮ ਦੇ ਭੰਡਾਰੀ ਰਹੇ ਹਨ ਅਤੇ ਉਹਨਾਂ ਕਣ ਕਣ ਵਿਚ ਨਾਮ ਬੀਜਿਆ ਹੈ, ਸਿਖਾਂ ਵਿਚ ਵੰਡਿਆ ਹੈ। ਹਰ ਹਿਰਦੇ ਵਿਚ ਰਮੇ ਸਤਿਗੁਰੂ ਰਾਮ ਸਿੰਘ ਜੀ ਨੇ ਤਾ ਨਾਮ ਦਾ ਛਿੱਟਾ ਹੀ ਦੇ ਦਿਤਾ। ਰਿਧੀਆਂ ਸਿਧੀਆਂ ਤਾਂ ਨਾਮ ਦੀਆਂ



ਸਤਿਗੁਰੂ ਜਗਜੀਤ ਸਿੰਘ ਜੀ

ਦਾਸੀਆਂ ਹਨ। ਸਤਿਗੁਰੂ ਜੀ ਨੇ ਨਾਮ ਨੂੰ ਜੀਵਨ ਦਾ ਆਧਾਰ ਬਣਾਇਆ ਨਾਮ ਧਾਰਨ ਕੀਤਾ ਤੇ ਕਰਾਇਆ, ਇਸੇ ਗੱਲ ਕਰਕੇ ਤਾਂ ਨਾਮਧਾਰੀ ਨਾਮ ਪਿਆ ਉਹਨਾਂ ਦੇ ਸਿੱਖਾਂ ਦਾ। ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਮਨਸ਼ਾ ਅਨੁਸਾਰ ਇਸ ਕਾਰਜ ਨੂੰ ਬਹੁਤ ਵਿਸਥਾਰ ਦਿਤਾ।

ਅੱਜ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ਇਸ ਪ੍ਰੋਗਰਾਮ ਦਾ ਅੰਤਰ-ਰਾਸ਼ਟਰੀ ਪੱਧਰ ਤਕ ਫੈਲਾਅ ਹੋਇਆ ਹੈ। ਸਾਰਾ ਸਾਲ ਇਹ ਕਾਰਜ ਚਲਦਾ ਹੈ, ਪਰ ਸਾਲ ਵਿਚ ਇਕ ਮਹੀਨਾ ਤਾਂ ਆਪ ਨਾਮ ਭਗਤੀ ਦਾ ਅਤਿ ਵਿਸ਼ੇਸ਼ ਪ੍ਰਯੋਗ ਚਲਾਉਂਦੇ ਹਨ। ਇਸ ਵਾਰ ੨੮ ਅਗਸਤ ਤੋਂ ੨੮ ਸਤੰਬਰ ਤਕ ਇਹ ਮਹਾਨ ਸਿਮਰਨ ਕੁੰਭ ਸ੍ਰੀ ਭੈਣੀ ਸਾਹਿਬ ਵਿਖੇ ਲਗਾ ਹੋਇਆ ਹੈ। ਸਭ ਪ੍ਰਾਣੀ ਮਾਤਰ ਦਾ ਇਹ ਫਰਜ਼ ਹੈ ਕਿ ਮਨੁਖਾ ਦੇਹੀ ਦੀ ਪ੍ਰਾਪਤੀ ਬਾਅਦ 'ਗੋਬਿੰਦ ਮਿਲਣ ਕੀ' ਇਸ ਵਾਰੀ ਵਿਚ ਇਸ ਜੱਪ ਪ੍ਰਯੋਗ ਵਿਚ ਸ਼ਾਮਲ ਹੋ ਕੇ ਇਸ ਜਨਮ ਨੂੰ ਸਫਲਾ ਕਰਨ।

—ਜਗਦੀਸ਼ ਸਿੰਘ


Sri Satguru Jagjit Singh Ji eLibrary NamdhariElibrary@gmail.com

# ਨਾਮ ਬਿਨਾ ਜੋ ਪਹਿਰੈ ਖਾਇ

—ਜਸਟਿਸ ਮਹਿੰਦਰ ਸਿੰਘ ਜੋਸ਼ੀ

ਇਕ ਵਾਰ ਕਿਸੇ ਸਿਆਣੇ ਕੋਲ ਪ੍ਰਸ਼ਨ ਉਠਾਇਆ ਗਿਆ, 'ਖਾਣਾ ਕਿਸ ਵਕਤ ਖਾਣਾ ਚਾਹੀਦਾ ਹੈ ?' ਉਹਨੇ ਉੱਤਰ ਦਿਤਾ, 'ਅਮੀਰ ਨੂੰ ਜਦੋਂ ਭੁੱਖ ਲਗੇ, ਗਰੀਬ ਨੂੰ ਜਦੋਂ ਜੁੜ ਜਾਇ'। ਸੋ ਜੋ ਹੋਰ ਰੁਝੇਵਿਆਂ ਕਾਰਣ ਕਿਸੇ ਖਾਸ ਸਮੇਂ ਹੀ ਵਿਹਲ ਲਭਦੀ ਹੋਵੇ ਤਾਂ ਓਦੋਂ ਹੀ ਨਾਮ ਅਭਿਆਸ ਕਰ ਲੈਣਾ ਚਾਹੀਦਾ ਹੈ। ਜੇ ਵਕਤ ਚੁਣਨ ਦੀ ਗੁੰਜਾਇਸ਼ ਹੋਵੇ ਤਾਂ ਫਿਰ ਸੁਬਾਹ ਸਵੇਰੇ। ਕਿਉਂਕਿ ਉਸ ਘੜੀ ਪਿਛਲੇ ਦਿਨ ਦਾ ਖਾਧਾ ਪੀਤਾ ਹਜ਼ਮ ਹੋ ਜਾਣ ਤੇ ਪੇਟ ਹਲਕਾ ਹੁੰਦਾ ਹੈ, ਤੇ ਠੀਕ ਤਰ੍ਹਾਂ ਬੈਠਣ ਵਿਚ ਦਿੱਕਤ ਪੇਸ਼ ਨਹੀਂ ਆਉਂਦੀ। ਇਸ ਤੋਂ ਬਿਨਾਂ ਪੂਰੀ ਨੀਂਦ ਮਾਣ ਲੈਣ ਪਿਛੋਂ ਮਨ ਸ਼ਾਂਤ ਵੀ ਹੁੰਦਾ ਹੈ, ਕਲ੍ਹ ਦੇ ਮਸਲੇ ਕਾਫੀ ਕੁਝ ਭੁਲ ਗਏ ਹੁੰਦੇ ਹਨ, ਅੱਜ ਦੇ ਹਾਲੀਂ ਪੈਦਾ ਨਹੀਂ ਹੋਏ ਹੁੰਦੇ। ਨਾ ਆਵਾਜਾਈ ਦਾ ਸ਼ੋਰ, ਨਾ ਮੁਲਾਕਾਤੀਆਂ ਵਲੋਂ ਵਿਘਨ ਪੈਣ ਦਾ ਡਰ। ਇਹ ਸਭ ਕੁਝ ਸੋਚ ਕੇ ਹੀ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।
(ਪੰ. ੨)

ਤੇ ਗੁਰੂ ਰਾਮਦਾਸ ਜੀ ਮਹਾਰਾਜ ਦਸਦੇ ਹਨ :

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ।
(ਪੰ. ੭੩੪)

ਨਾਮ, ਸ਼ਬਦ ਕਰਮਾਂ ਨੂੰ ਮੇਟਣ ਤੇ ਜਨਮਾਂ ਤੋਂ ਨਜਾਤ ਦਵਾਉਣ ਵਾਲਾ ਹੈ, ਅਨੰਤ ਸੁਖਾਂ ਦਾ ਭੰਡਾਰ ਹੈ, ਮੁਕਤੀ ਦਾਤਾ ਹੈ, ਅੰਮ੍ਰਿਤ ਜਿਹਾ ਮਿੱਠਾ ਹੈ, ਕਲਿਆਨਕਾਰੀ ਹੈ ਤੇ ਇਸ ਲਈ ਹਿਰਦੇ ਵਿਚ ਵਸਾਉਣ ਜੋਗੀ ਇਕੋ ਇਕ ਅਣਮੁੱਲੀ ਵਸਤ ਹੈ, ਪਰ ਹਿਰਦਾ ਅਸੀਂ ਪੂਰੇ ਦਾ ਪੂਰਾ ਸੰਸਾਰ ਦੇ ਝੂਠੇ ਰਸਾਂ-ਕਸਾਂ ਨੂੰ ਸਮਰਪਿਤ ਕਰੀ ਰੱਖਦੇ ਹਾਂ, ਜਿਵੇਂ ਮਾਲ ਦੌਲਤ ਦੀ ਲਾਲਸਾ, ਸੁਆਦੀ ਭੋਜਨਾਂ ਦੀ ਕਾਮਨਾ, ਇਸਤ੍ਰੀ ਦਾ ਮੋਹ, ਵਧੀਆ ਸਵਾਰੀ, ਸੁੰਦਰ ਮਕਾਨ, ਆਰਾਮਦੇਹ ਸੇਜ, ਜੀਅ ਲੁਭਾਉਣੇ ਤੇਲ, ਫੁਲੇਲ ਦੀ ਖਿੱਚ, ਫੇਰ ਵਿਚਾਰਾ ਨਾਮ ਸਮਾਵੇ ਤਾਂ ਕਿਸ ਥਾਂ ?

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ।
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ।
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸ।
(ਮ: ੧, ਪੰ. ੧੫)

ਕਿਉਂਕਿ ਸਾਡਾ ਇਹਨਾਂ ਰਸਾਂ ਦਾ ਲੋਭ ਸੰਤੁਸ਼ਟ ਹੋਣ ਵਿਚ ਨਹੀਂ ਆਉਂਦਾ ਉਹ ਸਾਨੂੰ ਮੁੜ-ਮੁੜ ਇਸ ਚੋਰਖ ਰੂਪੀ ਸੰਸਾਰ ਵਿਚ ਫੇਰੇ ਪਵਾਈ ਜਾਂਦੇ ਹਨ :

ਦੇਦਾ ਦੇ ਲੈਦੇ ਥਕਿ ਪਾਹਿ।
ਜੁਗਾ ਜੁਗੰਤਰਿ ਖਾਹੀ ਖਾਹਿ।
(ਮ: ੧, ਪੰ. ੨)

ਨਾਮ ਵਲੋਂ ਬੇਮੁਖ ਹੋਕੇ ਬੇਸ਼ੱਕ ਕਰੋੜਾਂ ਹੀ ਕਰਮ ਕਰ ਲਏ ਜਾਣ, ਉਹ ਸਾਧਕ ਨੂੰ ਮੋਖਸ਼ ਦਾ ਅਧਿਕਾਰੀ ਨਹੀਂ ਬਣਾਉਣਗੇ, ਸਗੋਂ ਉਹਦੀ ਅਹੰ ਨੂੰ ਥਾਪੜਾ ਦੇ ਕੇ ਨਰਕਾਂ ਵਿਚ ਲੈ ਜਾ ਸੁਟਣਗੇ :

ਨਾਮ ਸੰਗਿ ਮਨਿ ਪ੍ਰੀਤਿ ਨਾ ਲਾਵੈ।
ਕੋਟਿ ਕਰਮ ਕਰਤੋ ਨਰਕਿ ਜਾਵੈ।
(ਮ: ੫, ਪੰ. ੨੪੦)

ਏਹੋ ਜਿਹੇ ਲੋਕਾਂ ਨੂੰ ਅਗਲੇ ਜਹਾਨ ਵਿਚ ਆਦਰ ਸਤਕਾਰ ਕੀ ਮਿਲਣਾ ਸੀ, ਉਹ ਜਮਪੁਰੀ ਨੂੰ ਚੋਰਾਂ ਵਾਂਗੂੰ ਮੁਸ਼ਕਾਂ ਕੱਸ ਕੇ ਲੈ ਜਾਏ ਜਾਂਦੇ ਹਨ :

ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ।
ਚੋਰ ਕੀ ਨਿਆਈ ਜਮ ਪੁਰਿ ਬਾਧਾ।
(ਮ: ੫, ਪੰ. ੨੪੦)

ਉਹਨਾਂ ਦਾ ਇਸ ਸੰਸਾਰ ਵਿਚ ਖਾਣਾ, ਹੰਢਾਉਣਾ ਵੀ ਓਵੇਂ ਹੈ ਜਿਵੇਂ ਕੋਈ ਕੁੱਤਾ ਏਧਰ ਓਧਰ ਬਿਖਰੀ ਜੂਠ ਵਿਚ ਮੂੰਹ ਮਾਰਦਾ ਫਿਰਦਾ ਹੋਵੇ :

ਨਾਮ ਬਿਨਾ ਜੋ ਪਹਿਰੈ ਖਾਇ।
ਜਿਉ ਕੂਕਰੁ ਜੂਠਨ ਮਹਿ ਪਾਇ।
(ਮ: ੫, ਪੰ. ੨੪੦)

ਨਾਮ ਤੋਂ ਸੱਖਣੇ ਪ੍ਰਾਣੀਆਂ ਦੀ ਹੋਂਦ ਦਾ ਕੀ ਮੁੱਲ ਹੈ ? ਇਸ ਸਵਾਲ ਦਾ ਜਵਾਬ ਦਿੰਦਿਆਂ ਫ਼ਰੀਦ ਸਾਹਿਬ ਕਹਿੰਦੇ ਹਨ : ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ। (ਪੰ. ੪੮੮)। ਉਹ ਨਿਰਾ ਬੋਝ ਹਨ ਜਿਹੜਾ ਧਰਤੀ ਨੂੰ ਚੁਕਣਾ ਪੈਂਦਾ ਹੈ, ਅਣਹੋਇਆਂ ਤੋਂ ਵੀ ਭੈੜੇ।

(ਪੁਸਤਕ ਅੰਮ੍ਰਿਤ ਨਾਮ 'ਚੋਂ ਧੰਨਵਾਦ ਸਹਿਤ)


Sri Satguru Jagjit Singh Ji eLibrary NamdhariElibrary@gmail.com

# ਜੱਪ ਪਰਯੋਗ ਦਾ ਆਰੰਭ ਇਵੇਂ ਹੋਇਆ

—ਜਗਦੀਸ਼ ਸਿੰਘ

ਸ੍ਰੀ ਭੈਣੀ ਸਾਹਿਬ, ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਦਫਤਰ ਵਿਚ ਦੇਰ ਰਾਤ ਤਕ ਅਕੈਡਮੀ ਕਮੇਟੀ ਦੀ ਮੀਟਿੰਗ ਚਲਦੀ ਰਹੀ। (ਦੇਰੀ ਦਾ ਕਾਰਨ ਸੀ ਕਿ ਸ. ਹਰਵਿੰਦਰ ਸਿੰਘ ਹੰਸਪਾਲ ਚੰਡੀਗੜ੍ਹ ਵਿਚ ਕਿਸੇ ਜ਼ਰੂਰੀ ਕਾਰਜ ਵਿਚ ਰੁਝੇ ਰਹੇ ਸਨ।)

ਇਸ ਲਈ ਅਸੀਂ ਭਾਵੇਂ ਪ੍ਰਿੰ: ਅਜੀਤ ਸਿੰਘ ਚੀਮਾ ਦੇ ਨਿਵਾਸ ਅਸਥਾਨ ਤੇ ਬਹੁਤ ਦੇਰ ਬਾਅਦ ਸੁਤੇ ਪਰ ਨੀਂਦ ਨਹੀਂ ਆਈ। ਕਾਰਨ ਸੀ ਕਿ ਅਧੀ ਰਾਤ ਬਾਅਦ ਸ੍ਰੀ ਭੈਣੀ ਸਾਹਿਬ ਵਿਚ ਇਕ ਮਹੀਨਾ ਚਲਣ ਵਾਲਾ ਸਾਲਾਨਾ ਜੱਪ ਪ੍ਰਯੋਗ ਸ਼ੁਰੂ ਹੋਣਾ ਸੀ। ਉਸ ਦੇ ਦਰਸ਼ਨ ਕਰਨੇ ਸਨ। ਸੁਕੇਸ ਇਸ਼ਨਾਨ ਕਰਕੇ ਪ੍ਰਿੰ: ਚੀਮਾ ਅਤੇ ਮੈਂ ਪੌਣੇ ਤਿੰਨ ਵਜੇ ਸਵੇਰੇ ਸਤਿਗੁਰੂ ਜੀ ਦੀ ਕੋਠੀ ਨੂੰ ਚਲ ਪਏ। ਅੱਜ (੨੮-੮-੯੨) ਮਸਿਆ ਦੇ ਦਿਨ ਦੀ ਸਵੇਰ ਹੋਣੀ ਸੀ। ਮੁਢਲਾ ਅੰਮ੍ਰਿਤ ਵੇਲਾ ਸੀ, ਸਤਿ-ਜੁਗ ਦਾ ਪਹਿਰਾ ਸੀ। ਇਕ ਖਾਮੋਸ਼ੀ ਸੀ ਪਰ ਸ੍ਰੀ ਭੈਣੀ ਸਾਹਿਬ ਜਾਗਦਾ ਸੀ। ਹਰੀਮੰਦਰ ਦੀਆਂ ਨਿਮੀਆਂ ਰੋਸ਼ਨੀਆਂ ਦੂਰੋਂ ਹੀ ਰਾਹ ਤੇ ਹਲਕਾ ਹਲਕਾ ਚਾਨਣ ਬਖੇਰ ਰਹੀਆਂ ਸਨ। ਅੰਦਰ ਸਫੈਦੀ ਹੀ ਸਫੈਦੀ ਦਿਸ ਰਹੀ ਸੀ। ਹੱਥਾਂ ਵਿਚ ਮਾਲਾ ਫੜ ਕੇ ਕੋਈ ਸੌ ਕੁ ਪੁਰਸ਼ ਸਮਾਧੀ ਲਾਈ ਇਕੋ ਚੌਕੜੇ ਵਿਚ ਬੈਠ ਕੇ ਨਾਮ ਸਿਮਰਨ ਕਰ ਰਹੇ ਸਨ ਜਿਵੇਂ ਦੇਵ ਪੁਰੀ ਦੇ ਤਪੱਸਵੀ ਹੋਣ।

ਹਲਕੀ ਜਿਹੀ ਬਦਲਵਾਈ ਸੀ ਅਤੇ ਮਿੱਠੀ-ਮਿੱਠੀ ਹੁੰਮਸ ਸੀ। ਸਤਿਗੁਰੂ ਜੀ ਦੀ ਦੀ ਬਾਗ ਵਾਲੀ ਕੋਠੀ ਦੇ ਵਰਾਂਡੇ ਵਿਚ ਕੁਝ ਸਿੰਘ ਬਿਰਾਜਮਾਨ ਸਨ। ਇਹ ਦਿੱਲੀ ਲੁਧਿਆਣਾ ਸ੍ਰੀ ਜੀਵਨ ਨਗਰ ਤੇ ਹੋਰ ਥਾਵਾਂ ਤੋਂ ਜਪ ਪ੍ਰਯੋਗ ਦੀ ਆਰੰਭਤਾ ਦੇ ਦਰਸ਼ਨ ਕਰਨ ਲਈ ਆਏ ਸਨ। ਪੂਰਨ ਖਾਮੋਸ਼ੀ ਸੀ। ਇਕ ਗੱਲ ਸੀ ਕਿ ਕਿਸੇ ਨੇ ਵੀ ਪਾਜਾਮਾ ਨਹੀਂ ਸੀ ਪਾਇਆ ਹੋਇਆ। ਕਛਹਿਰਿਆਂ ਦੇ ਧਾਰਨੀ ਸਨ। ਨਾਮ ਸਿਮਰਨ ਦੀ ਵਰਨੀ ਵੇਲੇ ਜਾਂ ਅੰਮ੍ਰਿਤ ਛਕਣ ਵੇਲੇ ਪਜਾਮੇ ਨਹੀਂ ਪਾਏ ਜਾਂਦੇ। ਪਰ ਮੈਂ ਤਾਂ ਦਰਸ਼ਨ ਹੀ ਕਰਨ ਗਿਆ ਸੀ। ਮੈਂ ਇਸ਼ਾਰੇ ਨਾਲ ਸੰਤ ਦਿਆਲ ਸਿੰਘ ਤੋਂ ਪੁਛ ਲਿਆ ਆਪਣੇ ਪਾਜਾਮੇ ਬਾਰੇ। ਉਹਨਾਂ ਮੈਨੂੰ ਵੀ ਇਕ ਥਾਂ ਬੈਠਾ ਦਿੱਤਾ। ਤਿੰਨ ਵਜੇ ਤੋਂ ਕੁਝ ਪਹਿਲਾਂ ਕੜਾਹ ਪ੍ਰਸ਼ਾਦ ਦੀ ਦੇਗ ਆਈ। ਸਭ ਆਦਰ ਵਿਚ ਖਲੋ ਗਏ। ਇਕ ਸਿੰਘ ਖੂਹ ਦੇ ਜਲ ਦਾ ਛਿੱਟਾ ਦਿੰਦਾ ਆਇਆ ਸੀ। ਦੂਜੇ ਨੇ ਸਿਰ ਤੇ ਦੇਗ ਟਿਕਾਈ ਸੀ। ਸਿੰਘ ਕੜਾਹ ਪ੍ਰਸ਼ਾਦ ਅੰਦਰ ਲੈ ਗਏ। ਦੇਸੀ ਘਿਓ ਦੀ ਭਿੰਨੀ-ਭਿੰਨੀ ਮਹਿਕ ਫਿਜ਼ਾ ਵਿਚ ਪਸਰ ਗਈ। ਉਸੇ ਵੇਲੇ ਸਤਿਗੁਰੂ ਜੀ (ਸਤਿ-ਗੁਰੂ ਜਗਜੀਤ ਸਿੰਘ ਜੀ) ਦੇ ਹਜ਼ੂਰੀ ਅਰਦਾਸੀਆ ਸਿੰਘ, ਸੰਤ ਮਹਿੰਦਰ ਸਿੰਘ ਪੂਰਬਾ ਵੀ ਅੰਦਰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਚਲੇ ਗਏ। ਅੰਦਰੋਂ ਅਰਦਾਸ ਕਰਨ ਦੀ ਆਵਾਜ਼ ਆਈ ਤੇ ਫੇਰ ਖਾਮੋਸ਼ੀ ਛਾ ਗਈ। ਸਤਿਗੁਰੂ ਜੀ ਦਾ ਆਪਣਾ ਜਪ ਪਰਯੋਗ ਸ਼ੁਰੂ ਹੋ ਗਿਆ ਸੀ। ਦਰਵਾਜ਼ਾ ਬੰਦ ਸੀ। ਦੂਸਰੇ ਦਰਵਾਜ਼ੇ ਰਾਹੀਂ ਇਕ ਸਿੰਘ ਸਤਿਨਾਮ ਸਿੰਘ ਆਇਆ। ਉਸ ਕਿਹਾ ਕਿ ਸਾਧ ਸੰਗਤ ਜੀ ਕੜਾਹ ਪ੍ਰਸ਼ਾਦਿ ਲੈ ਕੇ ਹਰੀ ਮੰਦਰ ਵਿਚ ਚਲੀ ਜਾਵੇ। ਕੜਾਹ ਪ੍ਰਸ਼ਾਦਿ ਨਿੱਘਾ ਨਿੱਘਾ ਸੀ ਅਤੇ ਅੰਮ੍ਰਿਤ ਰੂਪ ਸੀ। ਸਵਾਦ ਅਤੇ ਤਾਸੀਰ ਦੇ ਪੱਖੋਂ ਕੁਲ ਦੁਨੀਆਂ ਦੇ ਪਦਾਰਥਾਂ ਨੂੰ ਮਾਤ ਪਾਉਂਦਾ।

ਹਰੀਮੰਦਰ ਵਿਚ ਚਾਰ ਵਜੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਵੀ ਸ਼ੁਰੂ ਹੋ ਗਿਆ। ਇਥੇ ਹੁਣ ਨਰ-ਨਾਰੀ ਸਭ ਆ ਕੇ ਸਤਿਗੁਰੂ ਜੀ ਦੇ ਆਸਨ ਨੂੰ ਮੱਥਾ ਟੇਕ ਆਪਣੀਆਂ ਆਪਣੀਆਂ ਥਾਵਾਂ ਤੇ ਬਿਰਾਜਮਾਨ ਹੋ ਮਾਲਾ ਫੜ ਕੇ ਸਿਮਰਨ ਕਰਨ ਲਗੇ। ਰਾਗੀ ਸਨ ਸ੍ਰੀ ਭੈਣੀ ਸਾਹਿਬ ਦੇ ਬੱਚੇ ਤੇ ਬੱਚੀਆਂ। ਦੋ ਤਬਲੇ ਵਾਲੇ ਵਾਰੀ ਵਾਰੀ ਸਾਥ ਦੇ ਰਹੇ ਸਨ। ਇਹ ਜੱਥਾ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਪਹਿਲੇ ਵੇਖੇ ਜੱਥੇ ਤੋਂ ਵੱਖਰਾ ਸੀ। ਰਾਗੀਆਂ ਦੀ ਛੋਟੀ ਪਨੀਰੀ ਪਨਪ ਰਹੀ ਸੀ। ਆਸਾ ਦੀ ਵਾਰ ਦੀ ਸ੍ਰੀ ਭੈਣੀ ਸਾਹਿਬ ਵਾਲੀ ਸ਼ੈਲੀ (ਰਾਗ, ਤਾਲ, ਪੜਤਾਲ, ਪਉੜੀ) ਵਿਚ ਕੀਰਤਨ ਕਰ ਰਹੇ ਸਨ।

ਜੈਕਾਰਾ ਬੋਲੇ ਸੋ ਨਿਹਾਲ ਦਾ ਗੂੰਜਿਆ! ਸਤਿ ਸ੍ਰੀ ਅਕਾਲ ਦੇ ਨਾਲ ਹੀ ਸਤਿਗੁਰੂ ਜੀ ਦੀਵਾਨ ਅਸਥਾਨ 'ਚ ਪਧਾਰੇ। ਸਾਰੀ ਸੰਗਤ ਨੇ ਉਠ ਕੇ ਬਾ-ਤਰਤੀਬ ਮੱਥਾ ਟੇਕਿਆ ਪੌਣੇ ਛੇ ਵਜੇ ਆਸਾ ਦੀ ਵਾਰ ਦੀ ਸਮਾਪਤੀ ਹੋ ਗਈ।

ਵਾਰ ਉਪਰੰਤ ਪੂਰਨ ਖਾਮੋਸ਼ੀ ਦਾ ਪਹਿਰਾ ਸੀ। ਹੁਣ ਕੁਝ ਸਮੇਂ ਵਾਸਤੇ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਨੇ ਖਲੋ ਕੇ ਭਾਸ਼ਨ ਦਿੱਤਾ। ਉਹਨਾਂ ਕਿਹਾ ਕਿ ਅੱਜ ਸਤਿਗੁਰਾਂ ਨੇ ਪ੍ਰਯੋਗ ਪ੍ਰਾਰੰਭ ਕੀਤਾ ਹੈ। ਅਸੀਂ ਇਥੇ ਮਨ ਦੀ ਮਲੀਨਤਾ ਦੂਰ ਕਰਨ ਆਏ ਹਾਂ। ਮਨ ਹੀ ਐਸੀ ਚੀਜ਼ ਹੈ ਜਿਸ ਨੂੰ ਟਿਕਾਅ ਵਿਚ ਕਰਨਾ ਹੈ। ਮਨ


Sri Satguru Jagjit Singh Ji eLibrary NamdhariElibrary@gmail.com

ਦਾ ਭਾਵ ਹੈ ਮੰਨਣਾ। ਮਨ ਵਿਚ ਸੰਕਲਪ ਉਠਦਾ ਹੈ ਫਿਰ ਉਸ ਦਾ ਵਿਕਲਪ ਆਉਂਦਾ ਹੈ। ਇਹਨਾਂ ਦੋਹਾਂ ਦਾ ਨਿਰਨਾ ਬੁੱਧੀ ਕਰਦੀ ਹੈ। ਜੋ ਬੁੱਧੀ ਨਿਰਣਾ ਕਰਦੀ ਹੈ। ਉਹ ਸਰੀਰ ਧਾਰਨ ਕਰਨ ਨੂੰ ਤਿਆਰ ਹੋ ਜਾਂਦਾ ਹੈ। ਮਨ ਜਦੋਂ ਨਿਰਮਲ ਹੋ ਜਾਂਦਾ ਹੈ ਤਾਂ ਭਗਵਾਨ ਅੱਗੇ ਪਿਛੇ ਫਿਰਦਾ ਹੈ। ਅਸੀਂ ਸਰੀਰ ਠੀਕ ਕਰਨ ਵਾਸਤੇ ਜਤਨ ਕਰਦੇ ਹਾਂ। ਮਨ ਨਿਰਮਲ ਕਰਨ ਲਈ ਵੀ ਕਰੀਏ। ਮਨ ਸਿਮਰਨ ਨਾਲ ਠੀਕ ਹੁੰਦਾ ਹੈ।...ਸੁਤ ਅਤੇ ਸੰਤ ਦੋਵੇਂ ਸੰਸਕ੍ਰਿਤ ਦੇ ਸ਼ਬਦ ਹਨ। ਮਾਤਾ ਪਿਤਾ ਦੇ ਮਿਲਣ ਤੋਂ ਸੁਤ ਬਣਦਾ ਹੈ,ਆਤਮਾ ਪਰਮਾਤਮਾ,ਜੀਵ ਤੇ ਸਤਿਗੁਰੂ ਦੇ ਮਿਲਣ ਤੋਂ ਸੰਤ ਬਣਦਾ ਹੈ। ਨਿਰਮਲ ਕਰਮ, ਸ੍ਰੇਸ਼ਠ ਕਰਮ ਸੰਤ ਦੇ ਲੱਛਣ ਹਨ। ਸੁਤ ਬਣ ਗਏ ਹਾਂ ਸੰਤ ਬਣਨਾ ਹੈ। ਪੰਡਿਤ ਜੀ ਨੇ ਆਪਣੇ ਵਿਖਿਆਨ ਵਿਚ ਅਨੇਕਾਂ ਟੂਕਾਂ ਗੁਰਬਾਣੀ, ਭਾਈ ਗੁਰਦਾਸ ਅਤੇ ਸੰਤ ਸਾਹਿਤ ਵਿਚੋਂ ਦਿੱਤੀਆਂ।

ਪੰਡਿਤ ਜੀ ਤੋਂ ਬਾਅਦ ਪ੍ਰਿੰਸੀਪਲ ਅਜੀਤ ਸਿੰਘ ਚੀਮਾ ਨੇ ਸਾਰੇ ਦਿਨ ਦਾ ਪ੍ਰੋਗਰਾਮ ਦਸਿਆ। ਦੁਪਹਿਰ ਨੂੰ ਕਥਾ, ਨਾਮ ਸਿਮਰਨ ਕੀਰਤਨ ਦਾ ਤਿੰਨ ਘੰਟੇ ਦਾ ਪ੍ਰੋਗਰਾਮ ਸੀ। ਪ੍ਰਯੋਗ ਵਾਲੇ ਸਿੰਘਾਂ ਦੀ ਦੂਸਰੀ ਰੌਲ ਲਗਣੀ ਸੀ। ਅੰਤ ਵਿਚ ਛੋਟੇ ਜਿਹੇ ਬੱਚੇ ਨੇ ਅਰਦਾਸ ਕੀਤੀ ਸੱਚੇ ਪਾਤਸ਼ਾਹ ਬੱਚੇ ਜਾਣ ਕੇ ਗਲਤੀਆਂ ਖਿਮਾ ਕਰਨੀਆਂ।

ਐਲਾਨੇ ਪ੍ਰੋਗਰਾਮ ਅਨੁਸਾਰ ਵਡੇ ਲੰਗਰ ਅਸਥਾਨ ਵਿਚ ਸੰਗਤਾਂ, ਮਾਈ ਭਾਈ ਪੰਗਤਾਂ ਲਾ ਕੇ ਬੈਠੀਆਂ ਸਨ। ਸਤਿਗੁਰੂ ਜੀ ਨੇ ਆਪਣੇ ਪਵਿੱਤਰ ਹਸਤ ਕਮਲਾਂ ਨਾਲ ਤ੍ਰਿਕੌਲ ਦੇ ਸੁਗੰਧੀਆਂ ਵੰਡਦੇ ਕੜਾਹ ਪ੍ਰਸ਼ਾਦਿ ਦੇ ਗੁੱਲੇ ਗੱਫੇ ਸੰਗਤਾਂ ਨੂੰ ਵਰਤਾਏ। ਉਸ ਉਪਰੰਤ ਸਤਿਗੁਰੂ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਤ ਲੌਹ ਨੂੰ ਮੱਥਾ ਟੇਕਿਆ। ਉਪਰ ਗੁਰੂ ਹਰੀ ਸਿੰਘ ਜੀ ਵਾਲੇ ਚੁਬਾਰੇ ਵਿਚ ਮੱਥਾ ਟੇਕਿਆ ਅਤੇ ਬਾਅਦ ਵਿਚ ਬਿਰਧ ਆਸ਼ਰਮ ਵਿਚ ਗਏ। ਸਾਫ ਸ਼ਫਾਫ ਬਿਰਧ ਆਸ਼ਰਮ ਦੇ ਝਿਮ ਝਿਮ ਕਰਦੇ ਖੇਸਾਂ ਵਾਲੇ ਮੰਜਿਆਂ ਤੇ ਬਿਰਧ ਬੈਠੇ ਸਨ। ਸਤਿਗੁਰੂ ਜੀ ਨੇ ਸਭ ਨੂੰ ਫਲਾਂ ਦਾ ਪ੍ਰਸ਼ਾਦ ਦਿੱਤਾ। ਹਰ ਕਿਸੇ ਦੀ ਤਕਲੀਫ ਵੀ ਸੁਣੀ, ਕਿਸੇ ਨੂੰ ਬੁਖਾਰ, ਕਿਸੇ ਨੂੰ ਅੱਖ ਦੀ ਤਕਲੀਫ ਜਾਂ ਕੁਝ ਹੋਰ। ਮੌਕੇ ਤੇ ਹੀ ਇਸ ਬਾਰੇ ਆਦੇਸ਼ ਜਾਰੀ ਹੁੰਦੇ ਗਏ।

ਇਸ ਯਾਤਰਾ ਸਮੇਂ ਪਤਾ ਲੱਗਾ ਕਿ ਸ੍ਰੀ ਭੈਣੀ ਸਾਹਿਬ ਦੇ ਲੰਗਰ ਵਾਲੀ ਥਾਂ ਦਾ ਬਹੁਤ ਵਿਸਥਾਰ ਹੋ ਰਿਹਾ ਹੈ। ਲੰਗਰ ਦੀ ਇਮਾਰਤ ਦੀ ਤਾਂ ਕਾਇਆਂ ਪਲਟ ਗਈ ਹੈ। ਹੋਰ ਵੀ ਤਰੱਕੀ, ਹੋਰ ਵੀ ਵਿਸਥਾਰ ਲਗਾਤਾਰ ਹੋ ਰਿਹਾ ਹੈ। ਸਤਿਗੁਰੂ ਜੀ ਨਿਜ ਧਾਮ ਚਲੇ ਗਏ ਅਸੀਂ ਵਾਪਸੀ ਦੀ ਆਗਿਆ ਲੈ ਲਈ। ਜੱਪ ਪਰਯੋਗ ਦਾ ਆਰੰਭ ਅੱਖੀਂ ਵੇਖਿਆ ਸੀ।

ਪਰ ਕੁਝ ਅੱਖੀਂ ਨਹੀਂ ਸੀ ਵੇਖਿਆ। ਇਸ ਕਾਰਜ ਵਿਚ ਪਰਬੰਧਕ ਸੰਤ ਦਿਆਲ ਸਿੰਘ ਤੋਂ ਪੁਛਿਆ। ਉਹਨਾਂ ਦਸਿਆ ਕਿ ਠੀਕ ਤੜਕੇ ਦੋ ਵਜੇ ਸਿੰਘਾਂ ਦੇ ਪਰਯੋਗ ਦੀ ਅਰਦਾਸ ਸੰਤ ਇਕਬਾਲ ਸਿੰਘ ਸੰਤ ਨਗਰ ਵਾਲਿਆਂ ਕੀਤੀ ਅਤੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਸਵਾ ਦੋ ਵਜੇ ਸ੍ਰੀ ਭੈਣੀ ਸਾਹਿਬ ਪਿੰਡ ਵਿਚ ਮਾਈਆਂ ਦੇ ਡੇਰੇ ਵੀ ਸੰਤ ਇਕਬਾਲ ਸਿੰਘ ਜੀ ਨੇ ਅਰਦਾਸ ਕੀਤੀ ਅਤੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ ਅਤੇ ਪ੍ਰਯੋਗ ਦਾ ਆਰੰਭ ਹੋ ਗਿਆ।

# ਸ੍ਰੀ ਭੈਣੀ ਸਾਹਿਬ ਜੱਪ ਪ੍ਰਯੋਗ ਸਮਾਪਤੀ ੨੮ ਸਤੰਬਰ ਨੂੰ

ਸ੍ਰੀ ਭੈਣੀ ਸਾਹਿਬ ਵਿਚ ਸਾਲਾਨਾ ਜੱਪ ਪ੍ਰਯੋਗ ਸਮਾਗਮ ਇਸ ਸਾਲ ਮਿਤੀ ੧੩ ਭਾਦਰੋਂ ਤੋਂ ੧੩ ਅੱਸੂ ੨੦੪੯ ਅਨੁਸਾਰ ੨੯ ਅਗਸਤ ਤੋਂ ੨੮ ਸਤੰਬਰ ੧੯੯੨ ਤਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ ਹੋ ਰਿਹਾ ਹੈ।

ਵੱਡਾ ਮੇਲਾ ਅੰਤਲੇ ਚਾਰ ਦਿਨ ੧੦-੧੧-੧੨-੧੩ ਅੱਸੂ—੨੫-੨੬-੨੭-੨੮ ਸਤੰਬਰ ਨੂੰ ਹੋਵੇਗਾ। ਅੰਤਲੇ ਦਿਨ ਸੋਮਵਾਰ ਸਵੇਰੇ ਭੋਗ ਪਵੇਗਾ। ਅਨੰਦ-ਕਾਰਜ ਅੰਤਲੇ ਦਿਨ ਹੋਣਗੇ। ਅਨੰਦ-ਕਾਰਜਾਂ ਵਾਲੇ ਲੜਕੇ ਲੜਕੀਆਂ ਅਤੇ ਉਹਨਾਂ ਦੇ ਮਾਤਾ ਪਿਤਾ ੧੦ ਅੱਸੂ ਭਾਵ ੨੫ ਸਤੰਬਰ ਤਕ ਸ੍ਰੀ ਭੈਣੀ ਸਾਹਿਬ ਜ਼ਰੂਰ ਪੁਜ ਜਾਣ। ਸਰਬ ਹਿੰਦ ਨਾਮਧਾਰੀ ਦਰਬਾਰ ਦੇ ਪ੍ਰਧਾਨ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਨੇ ਸਾਧ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਾਵਨ ਯਾਦ ਵਿਚ ਵੱਧ ਤੋਂ ਵਧ ਪਾਠ ਕੀਤੇ ਜਾਣ ਅਤੇ ਇਹਨਾਂ ਦੇ ਭੋਗ ਮੇਲੇ ਤੇ ਪਾਏ ਜਾਣ।


Sri Satguru Jagjit Singh Ji eLibrary NamdhariElibrary@gmail.com

ਚਿੱਠੀ ਅਮਰ ਭਾਰਤੀ ਜੀ ਦੀ

# ਯਾਤਰਾ ਦੀ ਸਾਖੀ

ਪਿਆਰੇ ਜਗਦੀਸ਼ ਜੀ !

ਤੁਹਾਡੀ ਚਿੱਠੀ ਅੱਜ ਹੀ ਮਿਲੀ ਹੈ ਤੇ ਮੈਂ ਕਲ੍ਹ ੨੫ ਅਗਸਤ ਰਾਤ ਪੌਣੇ ਬਾਰਾਂ ਵਜੇ ਮਨਾਲੀ ਤੋਂ ਦਿੱਲੀ ਘਰ ਪੁੱਜਾ ਹਾਂ ।

ਉਂਜ ਤਾਂ ਸਤਿਗੁਰੂ ਸਦਾ ਹੀ ਅੰਗ-ਸੰਗ ਹੈ ਪਰ ਇਸ ਅਗਸਤ ਮਹੀਨੇ ਦੀ ੧੨ ਤੋਂ ੧੭ ਤਰੀਕ ਤੱਕ ਪਰਤੱਖ ਸਰੀਰੋਂ ਵੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਸੰਗਤ ਦਾ ਉਚੇਚਾ ਅਵਸਰ ਮਿਲਿਆ । ਇਹੋ ਜਿਹਾ ਅਵਸਰ ਕਈ ਸਾਲਾਂ ਬਾਅਦ ਹਾਸਲ ਹੋਇਆ ਹੈ । ਜਦੋਂ ਕਿ ਲਗਾ-ਤਾਰ ਦਸ ਗਿਆਰਾਂ ਘੰਟੇ ਰੋਜ਼ ਆਪ ਜੀ ਦੀ ਹਜ਼ੂਰੀ ਵਿਚ ਬੈਠ ਕੇ ਗੁਰਬਾਣੀ ਤੇ ਗੁਰਮਤ-ਚਰਚਾ ਹੋਈ ਹੋਵੇ ।

ਗੁਰਬਾਣੀ ਚਰਚਾ ਤੋਂ ਮੇਰਾ ਭਾਵ ਹੈ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਬਾਣੀ ਵਿਚ ਉਚਾਰਤ ਕੁਝ ਕੁ ਵਿਆਖਿਆਨਾਂ ਨੂੰ ਦਿੱਤੇ ਜਾ ਰਹੇ ਪੁਸਤਕ ਰੂਪ ਦੀ ਤਰਤੀਬ ਤਿਆਰੀ ਤੇ ਪਾਠ ਸਰਵਨ ਦੇ ਕਾਰਜ-ਕ੍ਰਮ ਵਿਚ ਸ਼ਾਮਲ ਹੋਣਾ । ਇਨ੍ਹਾਂ ਵਿਆਖਿਆਨਾਂ ਦੇ ਸ਼ਬਦਾਂ ਨੂੰ ਟੇਪ-ਕੈਸਟ ਤੋਂ ਲਿਖਤੀ ਅੱਖਰਾਂ ਦਾ ਜਾਮਾ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਿੱਲੀ ਦੀ ਪ੍ਰਿੰਸੀਪਲ ਬੀਬੀ ਬਿਅੰਤ ਕੌਰ ਨੇ ਆਪਣੇ ਪਤੀ ਸ: ਸੰਤ ਸਿੰਘ ਜੀ ਦੀ ਸਹਾਇਤਾ ਨਾਲ ਪਵਾਇਆ ਹੈ । ਇਹ ਵਿਆਖਿਆਨ ਬਿਨਾਂ ਕਿਸੇ ਉਕਾਈ ਤੋਂ ਪੁਸਤਕ ਰੂਪ ਵਿਚ ਛਪਣ, ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਸਾਨੂੰ ਕੁਝ ਕੁ ਕਲਮਕਾਰਾਂ—ਮਾਸਟਰ ਨਿਹਾਲ ਸਿੰਘ ਜੀ, ਸ: ਜਸਵਿੰਦਰ ਸਿੰਘ ਜੀ, ਬੀਬੀ ਬਿਅੰਤ ਕੌਰ ਤੇ ਉਨ੍ਹਾਂ ਦੇ ਪਤੀ, ਬੀਬੀ ਸੁਰਿੰਦਰ ਕੌਰ ਖਰਲ ਤੇ ਹਥਲੀ ਸਾਖੀ ਦੇ ਲੇਖਕ ਨੂੰ 'ਮੰਡੀ-ਹਿਮਾਚਲ' ਵਿਚ ਸੰਮਿਲਤ ਹੋ ਕੇ ਸਤਿਸੰਗ ਦਾ ਅਵਸਰ ਦਿੱਤਾ ਹੈ । ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਨੇ ਵੀ ਇਸ ਕਾਰਜ ਵਿਚ ਬਹੁਤ ਸਹਿਯੋਗ ਦਿੱਤਾ ਹੈ । ਦੂਸਰੇ ਹਜ਼ੂਰੀ ਸੇਵਕਾਂ ਰਛਪਾਲ ਸਿੰਘ, ਦੀਦਾਰ ਸਿੰਘ ਅਤੇ ਗੁਰਮੁਖ ਸਿੰਘ ਫੋਟੋਗਰਾਫਰ ਨੇ ਵੀ ਸਹਾਇਤਾ ਦਿਤੀ । ੧੩ ਤੋਂ ੧੬ ਅਗਸਤ ਤਕ ਮੰਡੀ ਸ਼ਹਿਰ ਤੋਂ ਕੁਝ ਬਾਹਰਵਾਰ ਬਿਆਸ ਦੇ ਕੰਢੇ ਬਣੇ ਹੋਏ ਸਤਿਗੁਰੂ ਜੀ ਦੇ ਨਿਵਾਸ ਅਸਥਾਨ ਵਿਚ ਰੋਜ਼ ਤਿੰਨ ਬੈਠਕਾਂ ਹੁੰਦੀਆਂ । ਸਵੇਰੇ ਮੰਡੀ ਦੀ ਨਾਮਧਾਰੀ ਧਰਮਸਾਲਾ ਵਿਚ ਆਸਾ ਦੀ ਵਾਰ ਦੇ ਕੀਰਤਨ ਵਿਚ ਸ਼ਾਮਲ ਹੋਣ ਤੋਂ ਬਾਅਦ ਸੱਤ ਵਜੇ ਤੋਂ ਗਿਆਰਾਂ-ਬਾਰਾਂ ਵਜੇ ਤਕ ਪਹਿਲੀ ਬੈਠਕ ਹੁੰਦੀ । ਦੂਜੀ ਬੈਠਕ ਦੁਪਹਿਰ ਦੇ ਪ੍ਰਸ਼ਾਦ ਤੇ ਵਿਸ਼ਰਾਮ ਤੋਂ ਬਾਅਦ ਡੇਢ ਵਜੇ ਆਰੰਭ ਹੁੰਦੀ ਤੇ ਚਾਰ ਵਜੇ ਤਕ ਚਲਦੀ । ਚਾਰ ਸਾਢੇ ਚਾਰ ਵਜੇ ਸਤਿਗੁਰੂ ਜੀ ਸ਼ਾਮ ਦੇ ਨਿਤਨੇਮ ਤੇ ਦੀਵਾਨ ਵਿਚ ਸ਼ਾਮਿਲ ਹੋਣ ਲਈ ਧਰਮਸਾਲਾ ਜਾਂਦੇ ਤੇ ਉਥੋਂ ਮੁੜਦਿਆਂ ਹੀ ਸੱਤ ਸਾਢੇ ਸੱਤ ਵਜੇ ਤੀਜੀ ਬੈਠਕ ਜੰਮ ਜਾਂਦੀ । ਜੋ ਦੇਰ ਰਾਤ ਗਿਆਰਾਂ ਸਾਢੇ ਗਿਆਰਾਂ ਵਜੇ ਤਕ ਰਹਿੰਦੀ ।

'ਮੰਡੀ' ਹਿਮਾਚਲ ਦੀ ਸੰਗਤ ਦਾ ਚਿਰੋਕਾ ਆਗ੍ਰਹਿ ਚਲਿਆ ਆ ਰਿਹਾ ਸੀ ਕਿ ਸਤਿਗੁਰੂ ਜੀ ਕੁਝ ਦਿਨ ਮੰਡੀ ਦੀ ਸੰਗਤ ਨੂੰ ਦਰਸ਼ਨ ਦੇਣ ਤੇ ਸੰਗਤ ਮੇਲਾ ਕਰਵਾਏ । ਸੋ ਉਸ ਆਗ੍ਰਹਿ ਨੂੰ ਪਰਵਾਨ ਕਰਦਿਆਂ ਹੋਇਆਂ ਸਤਿਗੁਰੂ ਜੀ ਨੇ ੧੨ ਅਗਸਤ ਤੋਂ ੧੯ ਅਗਸਤ ੧੯੯੨ ਤਕ ਮੰਡੀ ਨਿਵਾਸ ਦੀ ਮਨਜ਼ੂਰੀ ਦੇ ਦਿਤੀ ਸੀ । ਇਸ ਮੌਕੇ ਦਾ ਇਕ ਹੋਰ ਸਦ ਉਪਯੋਗ ਕਰਨ ਲਈ ਮੇਲੇ ਦੇ ਦੌਰਾਨ ਪੁਸਤਕ ਪਾਠ ਤੇ ਸਾਨੂੰ ਕੁਝ ਕੁ ਵਿਅਕਤੀਆਂ ਨੂੰ ਨਦੀ-ਨਾਲਿਆਂ, ਝਰ-ਨਿਆਂ ਤੇ ਬਰਫਾਂ ਨਾਲ ਲੱਦੇ ਚਮਕਦੇ ਪਰਬਤ ਦੇਸ ਦੀ ਯਾਤਰਾ ਦਾ ਬੰਦੋਬਸਤ ਵੀ ਕਰ ਦਿੱਤਾ ।

ਲਗਾਤਾਰ ਚਾਰ ਦਿਨ ਤਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਾਣੀ ਦਾ ਸ੍ਰਵਨ ਤੇ ਪਠਨ-ਪਾਠਨ ਕਰਦਿਆਂ ਸਤਿ-ਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਹਜ਼ੂਰੀ ਵਿਚ ਅਧਿ-ਆਤਮ, ਪੁਰਾਣ, ਇਤਿਹਾਸ, ਰਾਜਨੀਤੀ ਤੇ ਸਮਾਜ ਵਿਗਿ-ਆਨ ਦੇ ਜਿਸ ਜਗਤ ਵਿਚ ਵਿਚਰਨ ਦਾ ਸੁਭਾਗ ਸਾਨੂੰ ਹਾਸਿਲ ਹੋਇਆ ਉਸ ਦਾ ਅਨੁਭਵ ਆਪਣੇ ਆਪ ਵਿਚ ਅਦੁਤੀ ਸੀ । ਨਿਵਾਸ ਭਵਨ ਦੇ ਉਪਰਲੇ ਬਰਾਂਡੇ ਵਿਚ ਬੈਠਿਆਂ ਬਿਆਸ ਦੇ ਦਿਸਦੇ ਜਲ ਦਾ ਨਾਦ ਲਗਾਤਾਰ ਇਕ ਸੰਗੀਤਕ ਤਾਰ ਬਣਾਈ ਰੱਖਦਾ । ਸਾਹਮਣੇ ਵੇਖਦਿਆਂ ਹੀ ਪਰਬਤ ਮਾਲਾ ਦੀਆਂ ਪਰਤਾਂ ਵਿਚੋਂ ਧੂੰਏਂ ਵਾਂਗ ਉਠਦੇ ਮਚਲਦੇ ਫੈਲਦੇ ਪਰਸਪਰ ਲੁਕਣ ਮੀਚੀ ਖੇਡਦੇ ਮਟਿਆਲੇ, ਸੁਰਮਈ ਬੱਦਲਾਂ ਦਾ ਦ੍ਰਿਸ਼ ਤੇ ਫਿਰ ਵਿਚ ਵਿਚ ਮੋਹਲੇਧਾਰ ਮੀਂਹ । ਰੋਹਤਾਂਗ ਪਾਸ ਦੇ ਪਰਬਤੀ ਸਿਖਰ ਤੋਂ ਧਾਈ ਕਰਕੇ ਸ਼ੂਕਦਾ ਹੋਇਆ ਬਿਆਸ ਦਾ ਜਲ ਰਸਤੇ ਵਿਚੋਂ ਅਨੇਕਾਂ ਝਰਨਿਆਂ, ਖੱਡਾਂ, ਨਾਲਿਆਂ ਉਪ ਨਦੀਆਂ ਤੇ ਭਰਪੂਰ ਵਰਖਾ ਦੇ ਜਲ ਨੂੰ ਆਪਣੇ ਸੰਗ ਸਾਥ ਲੈ ਕੇ ਜਦੋਂ ਕੰਢਿਆਂ ਤੋਂ ਦੀ ਉਮ੍ਹਲ ਉਮ੍ਹਲ ਪੈਂਦਾ ਤਾਂ ਸਤਿਗੁਰੂ ਜੀ ਦੌੜ ਕੇ ਉਸ ਜਲ ਨੂੰ ਪਵਿੱਤਰ ਚਰਨਾਂ ਦੀ ਛੋਹ ਦੇਣ ਲਈ ਬਿਆਸ ਦੇ ਕੰਢੇ ਪਹੁੰਚ ਜਾਂਦੇ । ਵਿਚ ਵਿਚ ਸਾਨੂੰ ਵੀ ਆਪਣੇ ਸਾਥ ਦਾ ਸੁਭਾਗ ਬਖਸ਼ਦੇ ਤੇ ਫਿਰ ਸ਼ੁਰੂ ਕਰ ਦੇਂਦੇ ਆਪਣੀ ਉਮਰ ਦੇ ਪਹਿਲੇ ਕੁਝ ਦਹਾਕਿਆਂ ਦੀਆਂ ਏਸੇ ਬਿਆਸ ਤੇ ਏਸੇ ਪਰਬਤ ਮਾਲਾ ਨਾਲ ਜੁੜੀਆਂ ਰੋਮਾਂਚਕ ਯਾਦਾਂ ਦਾ ਵਰਣਨ ।

Sri Satguru Jagjit Singh Ji eLibrary NamdhariElibrary@gmail.com

ਇਥੇ ਸਤਿਗੁਰੂ ਜੀ ਨੇ ਸਾਨੂੰ ਉਸ ਸ਼ਿਲਾ ਦੇ ਦਰਸ਼ਨ ਵੀ ਕਰਾਏ ਜਿਸਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਤੱਪ ਸਥਾਨ ਹੋਣ ਦਾ ਸਤਿਕਾਰ ਪ੍ਰਾਪਤ ਹੈ।

ਅੱਧੀ ਰਾਤ ਵੇਲੇ ਪੁਸਤਕ ਪਾਠ ਤੋਂ ਵੇਹਲੇ ਹੋ ਕੇ ਅਸੀਂ ਸ਼ਹਿਰ ਵਿਚ ਆਪਣੇ ਆਪਣੇ ਨਿਵਾਸ ਅਸਥਾਨ ਤੇ ਜਾ ਕੇ ਜਦੋਂ ਘਰ ਵਾਲਿਆਂ ਨੂੰ ਆਪਣੇ ਆਉਣ ਦੀ ਸੂਚਨਾ ਦੇਂਦੇ ਤਾਂ ਉਨ੍ਹਾਂ ਦੀ ਉਸ ਵੇਲੇ ਦੀ ਹਾਲਤ ਵੇਖਣ ਵਾਲੀ ਹੀ ਹੁੰਦੀ। ਕਈ ਵਾਰੀ ਤਾਂ ਉਹ ਸਾਡੇ ਲਈ ਆਹਾਰ ਆਦਿ ਦਾ ਬੰਦੋਬਸਤ ਕਰਦਿਆਂ ਪੁੱਛ ਹੀ ਲੈਂਦੇ ਕਿ ਐਨੀ ਰਾਤ ਤੱਕ ਤੁਸੀਂ ਕੀ ਪੜ੍ਹਦੇ ਲਿਖਦੇ ਰਹਿੰਦੇ ਓ ਓਥੇ? ਮੇਰਾ, ਮਾਸਟਰ ਨਿਹਾਲ ਸਿੰਘ ਜੀ ਦਾ ਅਤੇ ਜਸਵਿੰਦਰ ਸਿੰਘ ਜੀ ਦਾ ਡੇਰਾ ਡਾ: ਸੁਰਜੀਤ ਸਿੰਘ ਜੀ ਮਲਹੋਤਰ ਦੇ ਸੁਰੁਚੀ ਸੰਪੰਨ ਕਲਾ ਦੀਰਘਾ ਵਰਗੇ ਮੂੰਹੋਂ ਬੋਲਦੇ ਘਰ ਵਿਚ ਸੀ। ਘਰ ਵਿਚ ਹੀ ਇਕ ਪਾਸੇ ਫਲਾਂ ਫੁੱਲਾਂ ਦੀ ਵਾਟਿਕਾ ਵੀ ਹੈ ਜਿਸ ਵਿਚ ਕੁਝ ਕੁ ਪੌਦੇ ਸਤਿਗੁਰਾਂ ਨੇ ਦੂਰ ਦੇਸ਼ਾਂ ਤੋਂ ਲਿਆ ਕੇ ਇਸ ਵਾਟਿਕਾ ਵਿਚ ਲਗਵਾਏ ਹਨ। ਬੀਬੀ ਬਿਅੰਤ ਕੌਰ ਤੇ ਉਨ੍ਹਾਂ ਦੇ ਪਤੀ ਸ: ਸੰਤ ਸਿੰਘ ਜੀ ਦਾ ਡੇਰਾ ਸੇਠ ਭਜਨੀਕ ਸਿੰਘ ਜੀ ਦੇ ਘਰ ਸੀ। ਅਤਿਥੀ ਸਤਿਕਾਰ ਵਲੋਂ ਜੇ ਵੇਖਿਆ ਜਾਵੇ ਤਾਂ ਇਹ ਗੱਲ ਮਾਣ ਨਾਲ ਆਖਣ ਨੂੰ ਜੀਅ ਕਰਦਾ ਹੈ ਕਿ ਨਾਮਧਾਰੀ ਘਰਾਂ ਵਿਚ ਅੱਜ ਵੀ ਅਤਿਥੀ ਲਈ ਜੋ ਅਪਣੱਤ, ਮੁਹੱਬਤ ਤੇ ਸਤਿਕਾਰ ਹੈ ਉਹ ਬੇਮਿਸਾਲ ਹੈ। ਅੱਧੀ ਰਾਤੀਂ ਉਠ ਕੇ ਡਾ: ਸੁਰਜੀਤ ਸਿੰਘ ਜੀ, ਉਨ੍ਹਾਂ ਦੇ ਸਪੁੱਤਰ ਤੇ ਨੂੰਹਾਂ ਵਲੋਂ ਸਾਨੂੰ ਕੁਝ ਨਾ ਕੁਝ ਸੇਵਨ ਕਰਨ ਦਾ ਆਗ੍ਰਹਿ ਬਣਿਆ ਹੀ ਰਹਿੰਦਾ। ਸਵੇਰੇ ਜਾਣ ਤੋਂ ਪਹਿਲਾਂ ਸਾਡੀ ਰੁਚੀ ਦਾ ਸ਼ਾਹ ਵੇਲਾ ਦੇਣਾ ਉਹ ਆਪਣਾ ਪਰਮ ਕਰਤੱਵ ਹੀ ਨਹੀਂ ਸਨ ਸਮਝਦੇ, ਖੁਸ਼ੀ ਵੀ ਅਨੁਭਵ ਕਰਦੇ ਸਨ। ਦੁਪਹਿਰ ਤੇ ਰਾਤ ਦਾ ਪ੍ਰਸ਼ਾਦ ਅਸੀਂ ਆਮ ਤੌਰ ਤੇ ਸਤਿਗੁਰੂ ਭਵਨ ਵਿਚ ਹੀ ਪਾ ਲੈਂਦੇ ਸਾਂ ਪਰ ਘਰ ਵਾਲੇ ਤਾਂ ਵੀ ਸਾਡੇ ਲਈ ਹਰ ਤਰ੍ਹਾਂ ਦੀ ਆਹਾਰ ਵਿਵਸਥਾ ਤਿਆਰ ਰੱਖਦੇ ਤੇ ਅਸੀਂ ਉਨ੍ਹਾਂ ਦਾ ਆਗ੍ਰਹਿ ਵੇਖ ਕੇ ਆਪਣੀ ਸਿਹਤ ਨਾਲ ਵਧੀਕੀ ਕਰਨ ਲਈ ਮਜਬੂਰ ਹੋ ਜਾਂਦੇ।

੧੬ ਅਗਸਤ ਨੂੰ ਪੁਸਤਕ ਪਾਠ ਦੀ ਸਮਾਪਤੀ ਤੋਂ ਬਾਅਦ ਸਤਿਗੁਰਾਂ ਨੇ ਅਗਲੇ ਦਿਨ ਸਾਨੂੰ ਤੇ ਆਪਣੇ ਨਾਲ ਆਏ ਸੇਵਕ ਜੱਥੇ ਨੂੰ ਮਨਾਲੀ ਚਲਣ ਦਾ ਬੁਲਾਵਾ ਦੇ ਦਿੱਤਾ ਉਹ ਸਾਰਾ ਗਰੁਪ ਪਹਿਲਾਂ ਹੀ ਪਲ ਪਲ ਬਿੜਕਾਂ ਲੈਂਦਾ ਆ ਰਿਹਾ ਸੀ ਕਿ ਕਦੋਂ ਪੁਸਤਕ ਪਾਠ ਪੂਰਾ ਹੋਵੇ ਤੇ ਸਤਿਗੁਰੂ ਜੀ ਉਹਨਾਂ ਨੂੰ ਮਨਾਲੀ ਘੁਮਾਉਣ ਲਈ ਲੈ ਚਲਣ।

ਮੈਂ ਤਾਂ ਮਨਾਲੀ ਦੀ ਗੱਲ ਟੁਰਦਿਆਂ ਹੀ ਅਰਜ਼ ਕਰ ਦਿਤੀ ਕਿ "ਕੁਝ ਦਿਨ ਮਨਾਲੀ ਵਿਚ ਰੁਕਾਂਗਾ।" ਸਤਿਗੁਰੂ ਜੀ ਜਾਣਦੇ ਸਨ ਕਿ ਮੈਂ ਮਈ ਮਹੀਨੇ ਵਿਚ ਮਹੀਨਾ ਖੰਡ ਰਹਿਣ ਦੇ ਇਰਾਦੇ ਨਾਲ ਗਿਆ ਬੀਮਾਰ ਹੋ ਕੇ ਦੋ ਦਿਨਾਂ ਬਾਅਦ ਹੀ ਦਿੱਲੀ ਮੁੜ ਆਇਆ ਸਾਂ। ਸੋ ਆਪ ਨੇ ਇਸ ਵਾਰ ਫਿਰ ਮੇਰੀ ਅਰਜ਼ ਪਰਵਾਨ ਕਰਦਿਆਂ ਰਹਿ ਜਾਣ ਦੀ ਸ੍ਵੀਕ੍ਰਿਤੀ ਦੇ ਦਿੱਤੀ।

ਹੌਲੀ ਚਲਣ ਦੇ ਸੁਭਾਅ ਕਾਰਨ ਮੈਂ ਤਾਂ ਮਨ੍ਹੇਰੇ ਹੀ ਆਸਾ ਦੀ ਵਾਰ ਦੇ ਕੀਰਤਨ ਵਿਚ ਸਤਿਗੁਰਾਂ ਤੇ ਸੰਗਤ ਨੂੰ ਨਮਸਕਾਰ ਕਰਕੇ ਮਨਾਲੀ ਨੂੰ ਚਲਿਆ ਗਿਆ ਸਾਂ, ਸਤਿਗੁਰੂ ਜੀ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਗਏ ਸਨ।

ਭੁੰਤਰ ਵਿਚ ਸੇਠ ਭਜਨੀਕ ਸਿੰਘ ਜੀ ਦੇ ਸਪੁਤਰ ਜਗਦੀਸ਼ ਸਿੰਘ ਜੀ ਵਲੋਂ ਸਤਿਗੁਰਾਂ ਅਗੇ ਪ੍ਰਸ਼ਾਦ ਲਈ ਕੀਤੀ ਅਰਜ਼ ਦੀ ਪ੍ਰਵਾਨਗੀ ਸੀ,—ਸੋ ਉਥੇ ਲੰਗਰ-ਪਾਣੀ ਤਿਆਰ ਹੀ ਸੀ। ਸਤਿਗੁਰੂ ਜੀ ਸਾਨੂੰ ਭੁੰਤਰ ਦੇ ਬਾਹਰਵਾਰ ਹੀ ਆਣ ਮਿਲੇ। ਜਗਦੀਸ਼ ਸਿੰਘ ਜੀ ਦੇ ਘਰ ਪ੍ਰਸ਼ਾਦ ਪਾਇਆ ਤੇ ਮੈਂ ਸਵੇਰ ਵਾਂਗ ਪਹਿਲਾਂ ਹੀ ਚੱਲਣ ਦਾ ਸਾਜ ਕਰ ਲਿਆ। ਮਨਾਲੀ ਵਿਚ ਸਤਿਗੁਰੂ ਜੀ ਤੇ ਉਹਨਾਂ ਦਾ ਕਾਫਲਾ ਮੇਰੀ ਇਕ ਘੰਟੇ ਦੀ ਉਡੀਕ ਬਾਅਦ ਪੁੱਜਾ। ਮਨਾਲੀ ਦਾ ਬਾਜ਼ਾਰ ਲੰਘ ਕੇ ਬਿਆਸ ਤੋਂ ਪਾਰ ਵਾਲੇ ਨਗਰਾਂ ਵਾਲੇ ਰਸਤੇ ਤੇ ਕੋਈ ਇਕ ਕਿਲੋਮੀਟਰ ਦੇ ਫਾਸਲੇ ਉਤੇ ਸਤਿਗੁਰਾਂ ਦਾ ਨਿਵਾਸ-ਸਥਾਨ ਹੈ। ਨਾਲ ਆਈਆਂ ਸੰਗਤਾਂ ਨੇ ਉਸ ਅਸਥਾਨ ਨਾਲ ਸੰਬੰਧਤ ਸੇਆਂ ਦੇ ਬਗੀਚੇ ਵਿਚ ਪਹੁੰਚਦਿਆਂ ਹੀ ਧਾਵਾ ਬੋਲ ਦਿੱਤਾ ਤੇ ਸੇਆਂ ਦੇ ਬਹੁਤੇ ਬੂਟੇ ਅੱਧੇ ਘੰਟੇ ਵਿਚ ਹੌਲੇ ਭਾਰ ਹੋ ਗਏ। ਅੰਬਾਂ ਦੇ ਟੋਕਰਿਆਂ ਨੂੰ ਵੀ ਸੰਗਤਾਂ ਨੇ ਕਿਰਤਾਰਥ ਕੀਤਾ ਤੇ ਫਿਰ ਨਿੰਮ੍ਹੀ ਨਿੰਮ੍ਹੀ ਕਿਣਮਿਣ ਦੇ ਦੌਰਾਨ ਤਾਜ਼ੇ ਬਣਦੇ ਪਕੌੜਿਆਂ ਨੂੰ ਵੀ ਪੇਟ ਪਾ ਕੇ ਉਪਕਾਰ ਮੰਨਣ ਦਾ ਪੂਰਾ ਮੌਕਾ ਦਿੱਤਾ।

ਸਤਿਗੁਰਾਂ ਨੇ ਮੇਰੇ ਨਾਲ ਉਥੇ ਕੇਵਲ ਇਕ ਬਚਨ ਕੀਤਾ,—"ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ ਨੇ ਨਾ?" ਮੈਂ ਆਖਿਆ, "ਜੀ, ਉਹ ਤਾਂ ਹੋ ਗਈਆਂ ਨੇ।" ਇਸ ਬਚਨ ਨਾਲ ਸਤਿਗੁਰਾਂ ਨੇ ੧੯੬੨ ਦਾ ਉਹ ਸਮਾਂ ਧਿਆਨ ਵਿਚ ਲਿਆ ਦਿੱਤਾ ਸੀ ਜਦੋਂ ਫਰਵਰੀ ਮਹੀਨੇ ਵਿਚ ਬਸੰਤ ਪੰਚਮੀ ਦਾ ਮੇਲਾ ਮੰਡੀ ਵਿਚ ਮਨਾਇਆ ਗਿਆ ਸੀ ਤੇ ਸਤਿਗੁਰਾਂ ਦੇ ਸੰਗ ਸਾਥ ਵਿਚ ਮਨਾਲੀ ਪਹੁੰਚੇ ਸਾਂ। ਫਿਰ ਮਨਾਲੀ ਤੋਂ ਵੀ ਉਪਰ ਰੋਹਤਾਂਗ ਪਾਸ ਵੱਲ ਉਥੋਂ ਤਕ ਅਲਮਸਤੀ ਦੇ ਰੰਗ ਵਿਚ ਪਹੁੰਚੇ ਸਾਂ ਜਿਥੋਂ ਤਕ ਬਰਫ


Sri Satguru Jagjit Singh Ji eLibrary NamdhariElibrary@gmail.com

ਪੂਰੀ ਤਰ੍ਹਾਂ ਰਾਹ ਨਹੀਂ ਸੀ ਰੋਕ ਕੇ ਡਟ ਗਈ। ਉਦੋਂ ਹੀ ਮੈਂ ਉਸ ਯਾਤਰਾ ਦਾ ਵਿਵਰਨ ਲਿਖਿਆ ਸੀ—"ਸੈਰ ਕੁੱਲੂ ਦੀ, ਖੁਸ਼ਬੋ ਨਰਗਿਸ ਦੀ।" ਉਦੋਂ ਕੁਲੂ, ਭੁੰਡਰ ਵੀ ਰੁਕੇ ਸਾਂ, ਰਵਾਲਸਰ ਵੀ ਗਏ ਸਾਂ ਤੇ ਕੁੰਤੀ ਸਰ ਵੀ। ਤੀਹ ਸਾਲ ਪਹਿਲਾਂ ਦੀ ਉਸ ਯਾਤਰਾ ਕਥਾ ਦਾ ਧਿਆਨ ਆਉਂਦਿਆਂ ਹੀ ੧੯੬੩ ਦੀ ੧੮ ਜੂਨ ਦੀ ਯਾਤਰਾ ਵੀ ਧਿਆਨ ਵਿਚ ਆ ਗਈ। ਉਸ ਦਿਨ ਅਸੀਂ ਕਈ ਜਣੇ ਰੋਹਤਾਂਗ ਪਾਸ ਤੋਂ ਪਾਰ ਕੋਕ ਸਰ ਤਕ ਰਾਹਲੇ ਤੋਂ ਪਾਰ ਪੈਦਲ ਗਏ ਸਾਂ ਅਤੇ ਕੋਕ ਸਰ ਰਾਤ ਰਹਿ ਕੇ ਅਗਲੇ ਦਿਨ ਉਥੋਂ ਸਰਕਾਰੀ ਜੀਪਾਂ ਕਿਰਾਏ ਤੇ ਲੈ ਕੇ ਕੇਲਾਂਗ ਗਏ ਸਾਂ। ਕੇਲਾਂਗ ਵਿਚ ਇਕ ਨਾਮਧਾਰੀ ਸਿੰਘ ਤੇ ਉਸ ਦੀ ਪਤਨੀ ਮਿਲੇ ਸਨ। ਜੋ ਉਸ ਓਪਰੀ ਧਰਤੀ ਉਪਰ ਸਤਿਗੁਰੂ ਜੀ ਨੂੰ ਸਿੱਖ ਸੇਵਕਾਂ ਸਮੇਤ ਵੇਖ ਕੇ ਅਸਚਰਜ ਮਿਸ਼ਰਤ ਸ਼ਰਧਾ ਭਾਵ ਨਾਲ ਖੀਵੇ ਹੋ ਗਏ ਸਨ। ਉਨ੍ਹਾਂ ਲਈ ਸਤਿਗੁਰੂ ਦੇ ਇੰਜ ਮਿਲੇ ਦਰਸ਼ਨ ਕਿਸੇ ਕਰਾਮਾਤ ਤੋਂ ਘੱਟ ਨਹੀਂ ਸਨ। ਕਿਉਂਕਿ ਉਦੋਂ ਰਾਹਲੇ ਤੋਂ ਅੱਗੇ ਨਾ ਸੜਕ ਸੀ, ਨਾ ਬੱਸ ਜਾਂ ਕੋਈ ਹੋਰ ਸਵਾਰੀ। ਏਧਰੋਂ ਕੋਈ ਟਾਂਵਾਂ ਟਾਂਵਾਂ ਸਰਕਾਰੀ ਕਰਮਚਾਰੀ ਕੰਮ ਲਈ ਚਲਿਆ ਜਾਵੇ ਤਾਂ ਵੱਖਰੀ ਗੱਲ ਹੈ ਨਹੀਂ ਤਾਂ ਕੋਈ ਉਸ ਇਲਾਕੇ ਵਿਚ ਪੈਰ ਨਹੀਂ ਸੀ ਧਰਦਾ। ਉਦੋਂ ਦੇ ਉਸ ਯਾਤਰਾ ਵਿਵਰਨ ਦਾ ਸਿਰਲੇਖ ਸੀ—"ਮੜ੍ਹੀਓਂ ਪਰੇ ਸਵਰਗ ਧਾਮ।" ਉਹ ਸਿੰਘ ਕੇਲਾਂਗ ਦੇ ਸਕੂਲ ਵਿਚ ਮਾਸਟਰ ਸੀ। ਉਦੋਂ ਇਹ ਸਾਰਾ ਇਲਾਕਾ ਪੰਜਾਬ ਦਾ ਅੰਗ ਸੀ ਤੇ ਕੇਲਾਂਗ ਵਿਚ ਵੀ ਪੰਜਾਬੀ ਪੜ੍ਹਾਈ ਜਾਂਦੀ ਸੀ।

ਸਤਿਗੁਰੂ ਜੀ ਉਦੋਂ ਮਨਾਲੀ ਤੋਂ ਮੜ੍ਹੀ ਤਕ ਇਕ ਜੋਂਗਾ ਗੱਡੀ ਵਿਚ ਗਏ ਸਨ। ਅਸੀਂ ਰਾਹਲੇ ਤੱਕ ਬੱਸ ਵਿਚ ਗਏ ਸਾਂ ਤੇ ਅਗੋਂ ਸਾਰਾ ਦਿਨ ਸਫ਼ਰ ਕਰਕੇ ਸ਼ਾਮ ਕੋਕਸਰ ਪੁੱਜੇ ਸਾਂ। ਦੋ ਰਾਤਾਂ ਕੋਕਸਰ ਬਿਤਾਈਆਂ ਸਨ। ਸਬਜ਼ੀ ਤੋਂ ਇਲਾਵਾ ਬਾਲਣ ਲਈ ਲੱਕੜਾਂ ਤਕ ਵੀ ਅਸੀਂ ਖੱਚਰਾਂ ਘੋੜਿਆਂ ਤੇ ਮਨਾਲੀ ਤੋਂ ਨਾਲ ਲੈ ਕੇ ਗਏ ਸਾਂ। ਉਧਰ ਦਰਖਤ ਤਕ ਨਹੀਂ ਸੀ ਹੁੰਦਾ। ਅਠਾਰਾਂ ਹਜ਼ਾਰ ਫੁੱਟ ਉੱਚੇ-ਸਿੱਧੇ ਕਾਲੇ ਧੂੱਤ ਦੇਆਂ ਵਾਂਗ ਖੜੇ ਪਹਾੜ ਦਿਖਾਈ ਦਿੰਦੇ ਸਨ ਜਿਨ੍ਹਾਂ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਝਰਨੇ ਝਰਦੇ ਚਿੱਟੇ ਨਾਗਾਂ ਵਾਂਗ ਉਤਰਦੇ ਲਗਦੇ ਸਨ। ਉਸ ਧਰਤੀ ਤੇ ਪਹੁੰਚ ਕੇ ਸਰਦਾਰ ਸਾਧੂ ਸਿੰਘ ਜਲੰਧਰ ਦੇ ਇਕ ਸੰਬੰਧੀ ਨੇ ਕਿਹਾ ਸੀ—"ਓ ਸਤਿਗੁਰਾ, ਜੇ ਮਾਰਨਾ ਈ ਸੀ ਤਾਂ ਓਧਰ ਈ ਮਾਰ ਦੇਂਦੋਂ, ਐਪਰ ਇਸ ਦੈਂਤ ਧਰਤੀ ਤੇ ਮਾਰਨ ਲਈ ਕਿਉਂ ਲੈ ਆਇਆ ਏਂ?" ਪੰਡਿਤ ਗੋਪਾਲ ਸਿੰਘ ਜੀ ਨੇ ਮੜ੍ਹੀ ਤਕ ਪਹੁੰਚਦਿਆਂ ਪਹੁੰਚਦਿਆਂ ਹੀ ਆਖਿਆ ਸੀ—"ਅਗਾਂਹ ਕੀ ਪਿਆ ਏ? ਵਾਹਵਾ ਮੌਜ ਨਾਲ ਕੁਲੂ ਬੈਠੇ ਸਾਂ। ਉਦੋਂ ਸਾਡੇ ਜਥੇ ਵਿਚ ਸੰਤ ਤਰਨ ਸਿੰਘ ਵਹਿਮੀ ਵੀ ਸਨ ਤੇ ਮਾਸਟਰ ਨਿਹਾਲ ਸਿੰਘ ਜੀ ਵੀ। ਜਥੇਦਾਰ ਗਿਆਨ ਸਿੰਘ ਤੇ ਦਾਨ ਸਿੰਘ ਵੀ ਸਨ ਤੇ ਇਕ ਨੌਜਵਾਨ ਅਮਰੀਕ ਸਿੰਘ ਅਫਰੀਕਾ ਤੋਂ ਆਇਆ ਹੋਇਆ ਸੀ ਤੇ ਇਕ ਹੋਰ ਮੰਡੀ ਦਾ ਹੀ ਲੜਕਾ ਵੀ ਨਾਲ ਸੀ। ਸ਼ਾਇਦ ਮੰਡੀ ਵਾਲੇ ਸੰਤ ਗਿਆਨ ਸਿੰਘ ਜੀ ਦਾ ਲੜਕਾ ਵੀ ਸਾਡੇ ਨਾਲ ਸੀ। ਲਾਂਗਰੀ ਸੰਤ ਰਤਨ ਸਿੰਘ ਸੀ ਤੇ ਜੀਪ ਚਾਲਕ ਸਤਿਗੁਰਾਂ ਦੇ ਸਕੱਤਰ ਗੁਰਦੇਵ ਸਿੰਘ ਵੀ ਸਨ।

ਕੋਕਸਰ ਤੋਂ ਮੁੜਦਿਆਂ ਰੋਹਤਾਂਗ ਪਾਸ ਤੋਂ ਉਤਰ ਮੜ੍ਹੀ ਤਕ ਪਹੁੰਚ ਕੇ ਸਤਿਗੁਰਾਂ ਨੇ ਸਾਨੂੰ ਹੋਰ ਕੁਝ ਵਿਅਕਤੀਆਂ ਨੂੰ ਵੀ ਜੀਪ ਵਿਚ ਚੜ੍ਹਾ ਲਿਆ। ਅਗਲੀ ਸੀਟ ਉਪਰ ਸਤਿਗੁਰੂ ਜੀ ਦੇ ਨਾਲ ਪੰਡਿਤ ਗੋਪਾਲ ਸਿੰਘ ਜੀ ਤੇ ਅਫਰੀਕਾ ਵਾਲੇ ਅਮਰੀਕ ਸਿੰਘ, ਸ. ਸਾਧੂ ਸਿੰਘ ਤੇ ਉਨ੍ਹਾਂ ਦੇ ਸਾਂਢੂ ਸਨ। ਪਿਛਲੀ ਸੀਟ ਉਪਰ ਵਹਿਮੀ ਜੀ, ਮਾਸਟਰ ਨਿਹਾਲ ਸਿੰਘ ਜੀ ਤੇ ਇਕ ਦੋ ਹੋਰਨਾਂ ਤੋਂ ਇਲਾਵਾ ਮੈਂ ਵੀ ਬੈਠਾ ਸਾਂ। ਗੱਡੀ ਵਿਚ ਬੈਠਿਆਂ ਇੰਜ ਲਗਦਾ ਸੀ ਗੋਦਾਮ ਵਿਚ ਅਨਾਜ ਦੀਆਂ ਬੋਰੀਆਂ ਬੀੜ ਕੇ ਧਾਂਕ ਲਗਾਈ ਗਈ ਹੋਵੇ। ਵਾਲ ਭਰ ਵੀ ਹਿੱਲਣ ਜੁੱਲਣ ਦੀ ਵਿੱਥ ਨਹੀਂ ਸੀ। ਮੇਰਾ ਦਮ ਘੁਟਿਆ ਜਾ ਰਿਹਾ ਸੀ ਤੇ ਉਸ ਨਾਲ ਸਤਿਗੁਰਾਂ ਉਪਰ ਕਰੋਧ ਆ ਰਿਹਾ ਸੀ, ਕੁਝ ਈਰਖਾ ਤੇ ਕੁਝ ਮਾਣ ਭੰਗ ਦਾ ਸਾੜਾ ਕਿ ਪੰਡਿਤ ਜੀ ਨੂੰ ਅਗੇ ਬਿਠਾ ਲਿਆ ਹੈ ਤੇ ਮੈਨੂੰ ਐਂਜ ਨਪੀੜ ਕੇ ਪਿਛੇ। ਗੱਡੀ ਚਲ ਰਹੀ ਸੀ ਤੇ ਸਤਿਗੁਰੂ ਜੀ ਅਗੇ ਬੈਠੇ ਮੇਰੀ ਮਾਨਸਿਕ ਹਾਲਤ ਨੂੰ ਪੂਰੀ ਤਰ੍ਹਾਂ ਸਮਝ ਰਹੇ ਸਨ। ਉਸ ਹਾਲਤ ਵਿਚ ਆਪ ਨੇ ਮੇਰਾ ਦੁਖ ਘਟਾਉਣ ਲਈ ਕੁਝ ਛੇੜ ਛਾੜ ਕਰਦਿਆਂ ਅਗੋਂ ਮੈਨੂੰ ਮੋਢਾ ਮਾਰ ਕੇ ਮੇਰੇ ਪਿੰਡੇ ਨੂੰ ਧਰਵਾਸ ਦੇਂਦਿਆਂ ਆਖਿਆ ਸੀ, "ਕੀ ਹਾਲ ਏ?" ਪਰ ਮੈਂ ਅੰਦਰੇ ਅੰਦਰ ਉਬਲਦਾ ਬੋਲਿਆ ਹੀ ਨਹੀਂ ਸਾਂ। ਉਹ ਦੋ ਮੀਲ ਉਤਰਾਈ ਦਾ ਸਫਰ ਹੀ ਉਸ ਦਿਨ ਹਜ਼ਾਰ ਮੀਲ ਵਰਗਾ ਲੱਗਾ ਸੀ। ਰਾਹਲੇ ਪਹੁੰਚ ਕੇ ਬਾਕੀ ਬਹੁਤਿਆਂ ਨੂੰ ਬਸ ਵਿਚ ਚੜ੍ਹਾ ਦਿੱਤਾ ਗਿਆ ਤੇ ਮੈਨੂੰ ਜੀਪ ਵਿਚ ਨਾਲ ਬਿਠਾ ਕੇ ਨਿੱਕੀ ਨਿੱਕੀ ਛੇੜਖਾਨੀ ਕਰਦਿਆਂ ਸਤਿਗੁਰੂ ਜੀ ਮੰਡੀ ਪਹੁੰਚ ਗਏ ਸਨ। ਉਥੇ ਉਦੋਂ ਮੇਰਾ ਡੇਰਾ ਸੇਠ ਭਜਨੀਕ ਸਿੰਘ ਜੀ ਦੇ ਘਰ ਸੀ। ਡੇਰੇ ਪੁਚਾ ਕੇ ਆਪ ਨੇ ਘਰ ਵਾਲਿਆਂ ਨੂੰ ਹਦਾਇਤ ਕੀਤੀ ਸੀ ਕਿ ਸਵੇਰੇ ਭਾਰਤੀ ਜੀ ਨੂੰ ਦੇਰ ਤਕ ਜਗਾਉਣਾ ਨਹੀਂ। ਥਕੇਵਾਂ ਪੂਰੀ ਤਰ੍ਹਾਂ ਉਤਰਨ ਤੇ ਜਦੋਂ ਆਪੇ ਜਾਗਣ ਉਦੋਂ ਜਲ ਪਾਣੀ ਛਕਾਉਣਾ।

ਥਕੇਵਾਂ ਲਹਿਣ ਤੇ ਮਨ ਵੀ ਠੀਕ ਠਾਕ ਹੋ ਗਿਆ ਸੀ ਅਤੇ ਫਿਰ ਬਿਆਸ ਕੰਢੇ ਸਤਿਗੁਰਾਂ ਦੇ ਨਿਵਾਸ ਅਸਥਾਨ ਤੇ ਹੀ ਆਪ ਜੀ ਦੇ ਕੋਲ ਕਈ ਦਿਨ ਰਿਹਾ ਸਾਂ।

ਅੱਜ ਸਤਿਗੁਰਾਂ ਦੇ ਇਸ ਇਕ ਬਚਨ ਦਾ ਵਿਸਥਾਰ ਪਿਛਲੇ ਤੀਹ ਸਾਲਾਂ ਤੋਂ ਪਸਰਿਆ ਵੇਖਕੇ ਅਸਚਰਜ ਕਰ ਰਿਹਾ ਸਾਂ।

ਦੋ ਦੂਜੇ ਸਤਿਗੁਰੂ ਜੀ ਸਾਰੇ ਕਾਫਲੇ ਨਾਲ ਮੰਡੀ ਨੂੰ ਪਰਤ ਗਏ। ਮੈਂ ਮਨਾਲੀ ਪਹੁੰਚਦਿਆਂ ਹੀ ਪਹਿਲਾ ਕੰਮ ਇਹ ਕੀਤਾ ਸੀ ਕਿ ਬਾਜ਼ਾਰ ਦੇ ਪਿਛਲੇ ਪਾਸੇ ਇਕ ਹੋਟਲ ਵਿਚ ਆਫ਼ ਸੀਜ਼ਨ ਦੇ ਰਿਆਇਤੀ ਰੇਟ ਉਤੇ ਇਕ ਕਮਰਾ ਬੁਕ ਕਰਵਾ ਆਇਆ ਸਾਂ। ਉਸ ਤੋਂ ਬਾਅਦ ਸਤਿਗੁਰਾਂ ਦੀ ਉਡੀਕ ਵਿਚ ਬੈਠਾ ਸਾਂ ਕਿ ਇਕ ਨੌਜਵਾਨ ਨੇ ਆ ਕੇ ਸਤਿਗੁਰਾਂ ਬਾਰੇ ਪੁਛਿਆ। ਮੈਂ ਕਿਹਾ ਪਹੁੰਚਣ ਹੀ ਵਾਲੇ ਨੇ।" ਉਸ ਨੌਜਵਾਨ ਨੇ ਆਪਣਾ ਨਾਮ ਨਰਿੰਦਰ ਸਿੰਘ ਦਸਿਆ ਤੇ ਇਹ ਵੀ ਜਾਣਕਾਰੀ ਦਿਤੀ ਕਿ ਉਸ ਨੇ ਜੂਨ ਮਹੀਨੇ ਤੋਂ ਮਨਾਲੀ ਵਿਚ 'ਹੋਟਲ ਚਮਨ' ਨਾਮ ਦੇ ਹੋਟਲ ਦੀ ਮਾਲਕੀ ਸੰਭਾਲੀ ਹੈ। ਉਸੇ ਹੋਟਲ ਵਿਚ ਸਤਿਗੁਰਾਂ ਦੇ ਚਰਨ ਪਵਾਣ ਲਈ ਕਲ੍ਹ ਮੰਡੀ ਵਿਚ ਅਰਜ਼ ਕੀਤੀ ਸੀ।

ਸਤਿਗੁਰੂ ਜੀ ਮਨਾਲੀ ਤੋਂ ਮੁੜਦੇ ਹੋਏ ਉਸ ਹੋਟਲ ਵਿਚ ਚਰਨ ਪਾ ਕੇ ਗਏ। ਮੈਂ ਨਾਲ ਨਹੀਂ ਸਾਂ ਗਿਆ। ਆਪਦੇ ਟੁਰਨ ਵੇਲੇ ਹੀ ਮੱਥਾ ਟੇਕ ਕੇ ਪਿਛਾਂਹ ਹਟ ਗਿਆ ਸਾਂ ਤੇ ਫਿਰ ਬੁੱਕ ਕੀਤੇ ਹੋਏ ਕਮਰੇ ਵਾਲੇ ਹੋਟਲ ਵਿਚ ਚਲਿਆ ਗਿਆ ਸਾਂ। ਉਂਜ ਮੇਰਾ ਜੀਅ ਕੀਤਾ ਸੀ ਕਿ ਨਰਿੰਦਰ ਸਿੰਘ ਨੂੰ ਮਿਲ ਕੇ ਇਸੇ ਦੇ ਹੋਟਲ ਵਿਚ ਰਿਹਾ ਜਾਵੇ। ਪਰ ਉਧਰ ਬੁਕਿੰਗ ਹੈ ਸੀ—ਇਸ ਲਈ ਉਸ ਰਾਤ ਉਥੇ ਹੀ ਰਹਿਣ ਦਾ ਮਨ ਬਣਾ ਲਿਆ। ਉਸ ਕਮਰੇ ਵਿਚ ਟੀ. ਵੀ., ਟੈਲੀਫੋਨ ਤੇ ਗਰਮ ਜਲ ਲਈ ਗੀਜ਼ਰ ਮੌਜੂਦ ਸੀ। ਅਗਲੇ ਦਿਨ ਸਵੇਰੇ ਉਠ ਕੇ ਗਰਮ ਜਲ ਨਾਲ ਇਸ਼-ਨਾਨ ਆਦਿ ਕਰਕੇ ਅੱਠ ਕੁ ਵਜੇ ਮੈਂ 'ਹੋਟਲ ਚਮਨ' ਜਾ ਪੁੱਜਾ। ਨਰਿੰਦਰ ਸਿੰਘ ਨੂੰ ਆਪਣੇ ਜੀਅ ਦੀ ਗੱਲ ਦੱਸੀ ਤੇ ਕਿਹਾ ਕਿ "ਜੇ ਤੁਸੀਂ ਵੀ ਉਸ ਹੋਟਲ ਕਮਰੇ ਦੇ ਕਿਰਾਏ ਵਾਂਗ ਸੱਠ ਰੁਪਏ ਰੋਜ਼ ਤੇ ਕਮਰਾ ਦੇ ਸਕੋ ਤਾਂ ਮੈਂ ਤੁਹਾਡੇ ਕੋਲ ਆ ਕੇ ਰਹਿਣਾ ਵਧੇਰੇ ਪਸੰਦ ਕਰਾਂਗਾ।"

ਨਰਿੰਦਰ ਸਿੰਘ ਨੇ ਅਗੋਂ ਜੋ ਕਿਹਾ ਉਸਨੇ ਮੈਨੂੰ ਅਚੰਭੇ ਵਿਚ ਹੀ ਪਾ ਦਿੱਤਾ। ਉਸਨੇ ਕਿਹਾ ਕਿ "ਅਸੀਂ ਤਾਂ ਆਫ ਸੀਜ਼ਨ ਦੇ ਰਿਆਇਤੀ ਕਿਰਾਏ ਵਜੋਂ ਵੀ ਇਕ ਸੌ ਪੰਝੱਤਰ ਰੋਜ਼ ਤੋਂ ਘੱਟ ਨਹੀਂ ਲੈਂਦੇ ਪਰ ਤੁਸੀਂ ਆ ਜਾਓ, ਤੁਹਾਡਾ ਕੋਈ ਪੈਸਾ ਨਹੀਂ ਲਗੇਗਾ। ਸਤਿਗੁਰੂ ਜੀ ਜਦੋਂ ਕਲ੍ਹ ਚਰਨ ਪਾਉਣ ਆਏ ਸਨ ਉਸੇ ਵੇਲੇ ਉਨ੍ਹਾਂ ਦੇ ਨਾਲ ਆਏ ਮੰਡੀ ਵਾਲੇ ਜਸਵਿੰਦਰ ਸਿੰਘ ਜੀ ਮੈਨੂੰ ਆਖ ਗਏ ਸਨ ਕਿ ਭਾਰਤੀ ਜੀ ਤੁਹਾਡੇ ਕੋਲ ਆਉਣਗੇ। ਉਹ ਜਿੰਨਾ ਚਿਰ ਰਹਿਣਾ ਚਾਹੁੰਣ ਉਹਨਾਂ ਦੇ ਰਹਿਣ ਤੇ ਖਾਣ ਪੀਣ ਦਾ ਬੰਦੋਬਸਤ ਕਰ ਦੇਣਾ। ਜੋ ਖਰਚਾ ਆਵੇ ਉਸ ਦਾ ਬਿਲ ਮੈਨੂੰ ਮੰਡੀ ਭਿਜਵਾ ਦੇਣਾ।"

ਮੈਂ ਇਹੋ ਜਿਹੀ ਗੱਲ ਦੀ ਕਲਪਨਾ ਵੀ ਨਹੀਂ ਸੀ ਕੀਤੀ। ਸਤਿਗੁਰਾਂ ਨਾਲ ਹੋਟਲ ਬਾਰੇ ਕੋਈ ਗੱਲ ਨਹੀਂ ਸੀ ਹੋਈ। ਜਸਵਿੰਦਰ ਸਿੰਘ ਨਾਲ ਸਤਿ ਸ੍ਰੀ ਅਕਾਲ ਤੋਂ ਵਧ ਅਜੇ ਮੇਰੀ ਜਾਣ-ਪਛਾਣ ਵੀ ਨਹੀਂ ਸੀ। ਸਭ ਸੋਚ ਕੇ ਅਸਚਰਜ ਵੀ ਕਰ ਰਿਹਾ ਸਾਂ ਤੇ ਪਰਸੰਨ ਵੀ ਹੋ ਰਿਹਾ ਸਾਂ ਕਿ ਕਿਵੇਂ ਅਣਬੋਲੀ ਗੱਲ ਨੂੰ ਸਤਿਗੁਰੂ ਜੀ ਬੋਲ ਦੇ ਲੈਂਦੇ ਨੇ ਤੇ ਕਿਵੇਂ ਜਾਣ ਲਿਆ ਨੇ ਕਿ ਭਲਕੇ ਆਪੇ ਇਸ ਨੇ ਇਸ ਹੋਟਲ ਵਿਚ ਪਹੁੰਚ ਹੀ ਜਾਣਾ ਹੈ।

ਮੈਂ ਸਾਮਾਨ ਲੈ ਆਇਆ। ਏਥੇ ਪਹਿਲੇ ਹੋਟਲ ਵਾਂਗ ਗਰਮ ਪਾਣੀ, ਟੀ.ਵੀ. ਤੇ ਟੈਲੀਫ਼ੋਨ ਦੀ ਸਹੂਲਤ ਤਾਂ ਕੋਈ ਨਹੀਂ ਸੀ, ਪਰ ਇਕ ਗੱਲ ਚੰਗੀ ਲਗਦੀ ਸੀ ਕਿ ਇਹ ਹੋਟਲ ਕਿਸੇ ਨਾਮਧਾਰੀ ਦਾ ਹੈ ਤੇ ਕਲ੍ਹ ਹੀ ਸਤਿਗੁਰਾਂ ਨੇ ਇਸ ਵਿਚ ਚਰਨ ਪਾਏ ਹਨ। ਗਰਮ ਪਾਣੀ ਦੀ ਸਾਰੇ ਹੋਟਲ ਵਿਚ ਅੰਡਰ-ਗਰਾਉਂਡ ਵਿਵਸਥਾ ਹੈ, ਤੇ ਇਕ ਬੁਆਇਲਰ ਚਲਾਉਣ ਨਾਲ ਸਾਰੇ ਕਮਰਿਆਂ ਵਿਚ ਗਰਮ ਪਾਣੀ ਪੁੱਜ ਸਕਦਾ ਹੈ ਪਰ ਮਨਾਲੀ ਦੀ ਠੰਢ ਵਿਚ ਵੀ ਠੰਢੇ ਜਲ ਨਾਲ ਹੀ ਇਸ਼ਨਾਨ ਕਰਨਾ ਪੈਂਦਾ।

ਜੇ ਉਹ ਚਾਦਰਾਂ ਦੀ ਧੁਲਾਈ ਬਦਲਾਈ ਰੋਜ਼ ਕਰਵਾਏ ਤੇ ਦਾਲ ਸਬਜ਼ੀ ਵਿਚ ਹੱਥ ਜ਼ਰਾ ਉਦਾਰ ਰੱਖੇ ਤਾਂ ਕਿਰਾਏ ਭਾੜੇ ਵਿਚੋਂ ਬੜੀ ਮੁਸ਼ਕਿਲ ਨਾਲ ਦੋ ਚਾਰ ਫੀਸਦੀ ਹੀ ਘਟੇਗਾ, ਪਰ ਇਸ ਨਾਲ ਨਾਮਧਾਰੀ ਤੇ ਹੋਰ ਸਾਫ-ਸੁਥਰੇ ਸੁਭਾਅ ਵਾਲੇ ਯਾਤਰੀਆਂ ਨੂੰ ਇਹ ਹੋਟਲ ਆਕਰਸ਼ਿਤ ਕਰ ਸਕੇਗਾ।

ਮਨਾਲੀ ਵਿਚ ਮੈਂ ਇਕ ਦੋ ਥਾਵਾਂ ਸ਼ਹਿਰ ਤੋਂ ਤਿੰਨ ਚਾਰ ਕਿਲੋਮੀਟਰ ਦੂਰ ਪਹਿਲਾਂ ਹੀ ਪਸੰਦ ਕਰ ਰੱਖੀਆਂ ਹੋਈਆਂ ਸਨ। ਜਿਥੇ ਨਦੀ ਦਾ ਜਲ ਨੇੜੇ ਹੋਵੇ ਜਾਂ ਪਹਾੜੋਂ ਨਦੀ ਵਾਂਗ ਹੀ ਜਲ ਉਤਰਦਾ ਹੋਵੇ, ਉਥੇ ਜਾ ਕੇ ਬਹਿੰਦਾ ਸਾਂ ਕਈ ਕਈ ਘੰਟੇ। ਪਰਬਤ ਸ਼ਿਖਰਾਂ ਉਪਰ ਪਈ ਦਿਸਦੀ ਬਰਫ਼ ਦਾ, ਨਦੀ ਜਲ ਦਾ, ਬੱਦਲਾਂ ਦਾ ਤੇ ਮੀਂਹ ਦਾ ਆਨੰਦ-ਮੇਲਾ ਵੇਖਦਿਆਂ ੨੩ ਅਗਸਤ ਤਕ ਮਨਾਲੀ ਵਿਚ ਹੀ ਸਾਂ। ੨੫ ਅਗਸਤ ਸਵੇਰੇ ਸਾਢੇ ਚਾਰ ਵਜੇ ਮਨਾਲੀ ਤੋਂ ਵਿਦਾ ਲਈ। ਦੁਪਹਿਰ ਦਾ ਭੋਜਨ ਰੋਪੜ ਵਿਚ ਬੀਬੀ ਸੁਰਿੰਦਰ ਖਰਲ ਦੇ ਨਿਵਾਸ ਤੇ ਕੀਤਾ ਅਤੇ ਰਾਤ ਪੌਣੇ ਬਾਰਾਂ ਵਜੇ ਦਿੱਲੀ—ਘਰ—ਪੁਜ ਗਿਆ ਸਾਂ।

ਏਥੇ ਨਾ ਬੱਦਲ ਹੈ, ਨਾ ਠੰਢੀ ਹਵਾ, ਨਾ ਮੀਂਹ। ਪਰ ਤੁਹਾਡੀ ਚਿੱਠੀ ਨੇ ਕੁਝ ਠੰਢਕ ਪੁਚਾਈ ਹੈ ਤੇ ਤੁਹਾਡੇ ਹੁਕਮ ਅਨੁਸਾਰ ਇਸ ਯਾਤਰਾ ਦੀ ਸਾਖੀ ਲਿਖਣ ਬਹਿ ਗਿਆ ਹਾਂ।

—ਅਮਰ ਭਾਰਤੀ

Sri Satguru Jagjit Singh Ji eLibrary NamdhariElibrary@gmail.com

# ਸਿਠਾਣੀ ਅਤੇ ਸਤੀ ਸਾਧਵੀ

—ਪ੍ਰੀਤਮ ਸਿੰਘ ਕਵੀ



ਇਕ ਸਤੰਬਰ ੧੯੯੨ ਨੂੰ ਸੇਠ ਤ੍ਰਲੋਕ ਸਿੰਘ ਜੀ ਦੀ ਧਰਮ ਪਤਨੀ ਬੀਬੀ ਮਹਿੰਦਰ ਕੌਰ ਜੀ ਦੀ ਸੱਤਵੀਂ ਬਰਸੀ ਹੈ। ਸੱਤ ਸਾਲ ਬਤੀਤ ਹੋ ਜਾਣ ਦੇ ਬਾਵਜੂਦ ਇਸ ਪਾਵਨ ਰੂਹ ਦੀ ਯਾਦ ਅਜੇ ਵੀ ਦਿਲਾਂ ਵਿਚ ਤਰੋ-ਤਾਜ਼ਾ ਹੈ।

ਆਪਣੀ ਜੀਵਨ ਸਾਥਨ ਅਰਧਾਂਗਨੀ ਨੂੰ ਸਦਾ ਯਾਦ ਰੱਖਦਿਆਂ ਉਹਨਾਂ ਨਮਿਤ ਹਰ ਸਾਲ ਸੇਠ ਤ੍ਰਲੋਕ ਸਿੰਘ ਜੀ ਵਰਿਆਮ ਵਿਚ ਕੁਝ ਪੰਨੇ ਬੀਬੀ ਜੀ ਦੀ ਸਿਮ੍ਰਤੀ ਵਿਚ ਛਪਵਾਉਂਦੇ ਹਨ। ਸੇਠ ਜੀ ਦੇ ਮਿਤਰ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦਾ ਇਹ ਲੇਖ ਅਤੇ ਸੇਠ ਜੀ ਦੇ ਆਪਣੇ ਮਨੋਭਾਵ ਇਕ ਚਿੱਠੀ ਦੇ ਰੂਪ ਵਿਚ ਇਸ ਵਾਰ ਦੇ ਸਿਮ੍ਰਤੀ ਚਿੰਨ੍ਹ ਹਨ।—ਸੰਪਾਦਕ

ਬੀਬੀ ਮਹਿੰਦਰ ਕੌਰ, ਸਿਠਾਣੀ ਸੇਠ ਤਰਲੋਕ ਸਿੰਘ ਬੈਂਕੌਕ ਵਾਲਿਆਂ ਦੀ ਸਤਵੀਂ ਪੁੰਨ ਤਿਥੀ ਤੇ ਉਨ੍ਹਾਂ ਦੇ ਉਸ ਘਰ ਘਰਾਣੇ ਦਾ ਜ਼ਿਕਰ ਕਰਨ ਤੇ ਜੀ ਕਰਦਾ ਹੈ ਜਿਸ ਨੇ ਉਸ ਸ਼ਾਨਾਂ ਮੱਤੀ ਪਰ ਸਾਧੂ ਇਸਤਰੀ ਨੂੰ ਜਨਮ ਦਿੱਤਾ। ਮੈਨੂੰ ਯਾਦ ਆ ਰਹੇ ਹਨ, ਉਸਦੇ ਪਿਤਾ ਸੰਤ ਖ਼ਜ਼ਾਨ ਸਿੰਘ 'ਇਨਸਾਫ' ਜਿਨ੍ਹਾਂ ਨੇ ਯਥਾ ਨਾਮ ਤਥਾ ਗੁਣ ਅਨੁਸਾਰ ਜ਼ਿੰਦਗੀ ਪ੍ਰਯੰਤ ਸ਼ਬਦ 'ਇਨਸਾਫ' ਨਾਲ ਇਨਸਾਫ ਕੀਤਾ। ਆਮ ਤੌਰ ਤੇ ਲੋਕ ਆਪਣੇ ਨਾਮ ਦੀ ਭਾਵਨਾ ਤੋਂ ਉਲਟ ਚਰਿੱਤਰ ਦੇ ਮਾਲਕ ਹੁੰਦੇ ਹਨ। ਕਿਸੇ ਕਵੀ ਨੇ ਇਸ ਅਸੰਗਤੀ ਨੂੰ ਇਹਨਾਂ ਸ਼ਬਦਾਂ ਨਾਲ ਵਿਅਕਤ ਕੀਤਾ ਹੈ:

'ਕਾਲਾ' ਕਾਲਾ ਕਾਲਾ ਯਾਰੋ ਕੋਇਲੋਂ ਭੀ ਕਾਲਾ ਰੰਗ
'ਲਾਲ ਸਿੰਘ' ਨਾਮ ਦੇਖ ਤਵਾ ਸ਼ਰਮਾਂਵਦਾ।
ਨਾਮ ਦਾ 'ਹਜ਼ਾਰਾ' ਤੇ ਲੰਗੋਟੀ 'ਪੱਲੇ ਜੂੰ' ਨਹੀਂ
'ਹਾਕਮ' ਸੂ ਨਾਮ ਵਹੁਟੀ ਕੋਲੋਂ ਮਾਰ' ਖਾਂਵਦਾ।

ਪਰ ਖਜ਼ਾਨ ਸਿੰਘ 'ਇਨਸਾਫ' ਹੁਰਾਂ ਜਦ ਤੋਂ ਆਪਣਾ ਉਪ ਨਾਮ 'ਇਨਸਾਫ਼' ਰਖਿਆ ਤਦੋਂ ਤੋਂ ਹੀ 'ਇਨਸਾਫ਼' ਦੇਣਾ ਅਤੇ ਲੈਣਾ ਉਨ੍ਹਾਂ ਦਾ ਆਦਰਸ਼ ਹੋ ਗਿਆ। ਸ਼ਾਂਤ ਪ੍ਰਕਿਰਤੀ ਦੇ, ਸਿਰੜੀ, ਸਿਦਕੀ ਅਤੇ ਪੁੱਜ ਕੇ ਮਿਹਨਤੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਨਮਿਤ ਰਖੇ ਗਏ ਭੋਗ ਸਮੇਂ ਪਰਵਚਨ ਦਿੰਦਿਆਂ ਪੁੱਛਿਆ ਸੀ: 'ਕਿ ਕਦੀ ਏਧਰ ਵੀ ਧਿਆਨ ਗਿਐ ਕਿ ਸੰਤ ਖਜ਼ਾਨ ਸਿੰਘ ਹੋਰੀਂ ਕਿੰਨੀ ਸਵੇਰੇ ਉਠਦੇ ਸਨ? ਕਿੰਨੀ ਵਾਰ ਮਾਲਾ ਫੇਰਦੇ ਸਨ? ਕਿੰਨੀਆਂ ਬਾਣੀਆਂ ਪੜ੍ਹਦੇ ਸਨ ਉਹ? ਕਿਸ ਤਰ੍ਹਾਂ ਉਨ੍ਹਾਂ ਨੇ ਮਰਿਆਦਾ ਦਾ ਪਾਲਣ ਕੀਤਾ? ਕਿਸ ਤਰ੍ਹਾਂ ਸਤਿਗੁਰਾਂ ਦੇ ਚਰਨਾਂ ਨਾਲ ਉਨ੍ਹਾਂ ਦਾ ਪਿਆਰ ਸੀ?"

ਸੇਠ ਜਗਜੀਤ ਸਿੰਘ ਚਾਵਲਾ ਨੇ ਉਨ੍ਹਾਂ ਬਾਰੇ ਆਖਿਆ: ਆਪ ਬੜੇ ਗੁਰਮੁਖ ਪਿਆਰੇ ਅਤੇ ਪੰਥ ਰਤਨ ਸਨ। ਪੂਰਨ ਵਿਸ਼ਵਾਸੀ, ਧਰਮ ਦੇ ਪੱਖੀ, ਗੁਰਬਾਣੀ ਨਾਲ ਪਿਆਰ ਕਰਨ ਵਾਲੇ ਅਤੇ ਸੁਭ ਕਰਮਾਂ ਵਿਚ ਪ੍ਰਪੱਕ। ਇਸ ਜ਼ਮਾਨੇ ਵਿਚ ਬਹੁਤ ਵਿਰਲੇ ਹੀ ਉਨ੍ਹਾਂ ਵਰਗੇ ਹੋਣਗੇ।

ਸੇਠ ਦਿਆਲ ਸਿੰਘ ਸੂਬਾ ਜੀ ਨੇ ਸੇਠ ਇਨਸਾਫ਼ ਜੀ ਬਾਰੇ ਦਸਿਆ: ਸੇਠ ਗੁਰਮੁਖ ਸਿੰਘ ਹੁਰਾਂ ਹੀ ਆਪਣੇ ਸੂਬਾ ਹੋਣ ਦੇ ਦੌਰਾਨ ਉਨ੍ਹਾਂ ਦਾ ਨਾਮ "ਇਨਸਾਫ਼" ਪਾਇਆ ਸੀ ਕਿਉਂ ਜੁ ਆਪ ਜਿਹੜਾ ਕੰਮ ਕਰਦੇ ਸਨ, ਕੋਈ ਗੱਲ ਵੀ ਕਰਦੇ ਉਹ ਤਰਾਜ਼ੂ ਤੇ ਤੋਲਕੇ ਹੀ ਕਰਦੇ ਸਨ। ਬਹੁਤਾ ਨਹੀਂ ਸਨ ਬੋਲਦੇ। ਨਾ ਲੋਕਾਂ ਦੇ ਝਗੜਿਆਂ ਵਿਚ ਜਾਂਦੇ ਸਨ, ਨਾ ਦਖਲ ਦਿੰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਦੇ ਹੁਕਮਾਂ ਤੇ ਪਹਿਰਾ ਦਿੰਦੇ ਸਨ।

ਸ. ਸੁਰਿੰਦਰ ਸਿੰਘ ਯੂਨੀਕੋ, ਸਕੱਤਰ ਨਾਮਧਾਰੀ ਸੰਗਤ ਬੈਂਕੌਕ ਦੇ ਸੰਤ ਖਜ਼ਾਨ ਸਿੰਘ ਜੀ 'ਇਨਸਾਫ' ਬਾਰੇ ਵਿਚਾਰ ਇਹ ਸਨ: ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨ ਛੂਹ ਨੇ ਉਹਨਾਂ ਦੀ ਜੀਵਨੀ ਨੂੰ ਬੜਾ ਉਚਾ ਕੀਤਾ...ਉਹ ਏਨੇ



Sri Satguru Jagjit Singh Ji eLibrary NamdhariElibrary@gmail.com

ਸਰਮਾਏਦਾਰ ਨਹੀਂ ਸਨ ਪਰ ਉਹਨਾਂ ਦੀਆਂ ਅਣਥਕ ਕੋਸ਼ਿਸ਼ਾਂ ਨੇ, ਸੱਚੇ ਮਨ ਤੇ ਸੁੱਚੀ ਕਾਰ ਨੇ ਉਨ੍ਹਾਂ ਨੂੰ ਅਜ ਇਸ ਧਨਾਢ ਪੁਰੀ (ਬੈਂਕੋਕ) ਵਿਚ ਇਕ ਉੱਚੀ ਅਤੇ ਵੱਡੀ ਸ਼ਖ਼ਸ਼ੀਅਤ ਬਣਾ ਦਿੱਤਾ। ਉਹਨਾਂ ਨੇ ਹਰ ਇਨਸਾਨ ਨੂੰ ਉਸੇ ਤਰ੍ਹਾਂ ਹੀ ਜਾਤਾ ਜਿਸ ਤਰ੍ਹਾਂ ਹਰ ਇਕ ਇਨਸਾਨ ਨੂੰ ਜਾਨਣਾ ਚਾਹੀਦਾ ਹੈ।

ਸੰਤ ਨਰਾਇਣ ਸਿੰਘ ਸੇਠੀ ਨੇ ਕਾਵਿ ਦੁਆਰਾ ਉਨ੍ਹਾਂ ਨੂੰ ਰੂਪਮਾਨ ਕੀਤਾ :

ਦਾਨ ਪੁੰਨ ਕਰਦੇ ਨਹੀਂ ਸਨ ਜ਼ਾਹਰ ਕਰਦੇ,
ਦਇਆਵਾਨ ਵੀ ਦਿਲੋਂ ਜ਼ਰੂਰ ਸਨ ਉਹ।...
ਪਿਛਲੀ ਉਮਰ ਵਿਚ ਵੇਖਿਆ ਸੁਖ ਚੰਗਾ
ਧੀਆਂ ਪੁਤਾਂ ਵਿਚ ਉਮਰ ਬਿਤਾਈ ਸੁਹਣੀ।
ਆਦਰ ਕਰਦੇ ਕਮਾਂਦੇ ਸਨ ਸਭ ਪਾਸੋਂ,
ਸ਼ਾਨ ਆਪਣੀ ਆਪ ਬਣਾਈ ਸੁਹਣੀ।

ਇੰਜ ਦੇ ਪਰਮ ਸੁਲਖਣੇ ਪੁਰਸ਼ ਦੇ ਘਰ ਜਨਮ ਲੈ ਕੇ ਬੀਬੀ ਮਹਿੰਦਰ ਕੌਰ ਜੀ ਨੇ ਆਪਣੇ ਮਾਤਾ ਪਿਤਾ ਤੋਂ ਚੰਗੇ ਗੁਣਾਂ ਦੀ ਨਿਧੀ ਲੈ ਕੇ ਸ੍ਰੀਮਾਨ ਸੰਤ ਸੇਠ ਫੂਲਾ ਸਿੰਘ ਜੀ ਦੀ ਨੂੰਹ ਬਣਕੇ ਚਾਵਲਾ ਪਰਵਾਰ ਵਿਚ ਆਪਣੇ ਲਈ ਸਨੇਹ ਅਰਜਤ ਕੀਤਾ। ਸੇਠ ਤਰਲੋਕ ਸਿੰਘ ਹੁਰਾਂ ਪਤਨੀ ਰੂਪ ਵਿਚ ਇਨਸਾਫ਼ ਪੁੱਤਰੀ ਨੂੰ ਪ੍ਰਾਪਤ ਕਰਕੇ ਆਪਣੇ ਧਨ ਭਾਗ ਸਮਝੇ।

ਅਗੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਨਾਲ ਇਸ ਜੋੜੀ ਦੀ ਐਸੀ ਬਣ ਆਈ ਕਿ ਜੋ ਕੁਝ ਮੰਗਿਆ ਉਨ੍ਹਾਂ ਤੋਂ ਮੰਗਿਆ, ਧਨ ਪਦਾਰਥ, ਸੰਸਾਰਕ ਸੁਖ, ਧੀਆਂ ਪੁੱਤਰ ਅਤੇ ਗੁਰੂ ਚਰਨਾਂ ਦੀ ਪ੍ਰੀਤੀ। ਅਤੇ ਏਸ ਸ਼ਬਦ ਨੂੰ ਅੱਖਰ ਅੱਖਰ ਚਰਿਤਾਰਥ ਕੀਤਾ :

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ
ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ ॥੧॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ
ਤਿਸ ਤੇ ਮੁਖ ਨਹੀਂ ਮੋਰਿਓ।
ਸਹਜੁ, ਅਨੰਦੁ, ਰਖਿਓ ਗ੍ਰਿਹਿ ਭੀਤਰਿ
ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ, ਸੋਈ ਕਰਿ ਸੂਖਾ,
ਸੋਗ ਹਰਖ ਨਹੀਂ ਜਾਨਿਓ।
ਜੋ ਜੋ ਹੁਕਮ ਭਇਆ ਸਾਹਿਬ ਕਾ
ਸੋ ਮਾਥੈ ਲੈ ਮਾਨਿਓ ॥੩॥ (੧੦੦੦)

ਭਾਰਤ ਨਿਵਾਸ ਸਮੇਂ ਅਸਾਂ ਵੇਖਿਆ ਕਿ ਸ੍ਰੀ ਸਤਿ-★

★ਗੁਰੂ ਪ੍ਰਤਾਪ ਸਿੰਘ ਜੀ ਅਤੇ ਫਿਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਐਸੀ ਪ੍ਰੀਤੀ ਰਖੀ, ਕਿ ਥੋੜ੍ਹੀ ਜਿਹੀ ਥਿੜਕਣ ਵੀ ਨਹੀਂ ਆਈ। ਮਾਇਆ ਦੀ ਸਿਖਰ ਤੇ ਬੈਠਿਆਂ ਵੀ ਮਾਇਆ ਦਾ ਘੁਮੰਡ ਨਹੀਂ, ਸਾਧਾਰਨ ਤੋਂ ਸਾਧਾਰਨ ਵਿਅਕਤੀ ਨਾਲ ਵੀ ਆਦਰ ਸਤਿਕਾਰ ਨਾਲ ਪੇਸ਼ ਆਉਣਾ। ਨਮਰਤਾ ਉਹਨਾਂ ਦਾ ਬਹੁਤ ਵੱਡਾ ਗੁਣ ਸੀ। ਉਦਾਰਤਾ ਉਹਨਾਂ ਦੀ ਨੇ ਅਨੇਕਾਂ ਲੋਕਾਂ ਦੀ ਚੁਪ ਕੀਤਿਆਂ ਮਦਦ ਕੀਤੀ।

ਇਕ ਸੁਚੱਜੀ ਅਤੇ ਸਤੀ ਸਾਧਵੀ ਇਸਤਰੀ ਦੀ ਪਹੁੰਚ ਵਾਂਗ ਸਿਠਾਣੀ ਮਹਿੰਦਰ ਕੌਰ ਨੇ ਜੀਵਨ ਪ੍ਰਯੰਤ, ਘਰ ਦੀਆਂ ਤਮਾਮ ਜ਼ਿੰਮੇਵਾਰੀਆਂ ਨਿਭਾਉਂਦਿਆਂ ਪਤੀ ਸੇਵਾ ਕੀਤੀ ਅਤੇ ਸਭ ਤੋਂ ਉੱਪਰ ਆਪਣੇ ਸਤਿਗੁਰੂ ਨੂੰ ਰਖਿਆ। ਖੁਸ਼ੀ ਹੁੰਦੀ ਹੈ ਉਨ੍ਹਾਂ ਦੀ ਸੰਤਾਨ ਨੂੰ ਵੇਖ ਕੇ ਸਤਿਗੁਰੂ ਦੀ ਕਿਰਪਾ ਨਾਲ ਜੋ ਗੁਰਮੁਖ ਹੈ ਅਤੇ ਆਪਣੇ ਪਿਤਾ ਜੀ ਦੀ ਆਗਿਆਕਾਰ ਵੀ।

ਅਸੀਂ ਅਜ ਫੇਰ ਬੀਬੀ ਮਹਿੰਦਰ ਕੌਰ ਦੀ ਯਾਦ ਵਿਚ ਜੁੜਦੇ ਹਾਂ।

# ਚਿੱਠੀ ਦੇਵ ਲੋਕ ਨੂੰ

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਸ੍ਰੀ ਸਤਿਗੁਰੂ ਜੀ ਦੀ ਚਰਨ ਸੇਵਿਕਾ, ਪ੍ਰਾਣਪਿਆਰੀ ਮਹਿੰਦਰ ਕੌਰ ਜੀ,

ਸਨੇਹ ਭਰੀ ਗਲਵਕੜੀ।

ਉਮੀਦ ਕਰਦਾ ਹਾਂ ਸਚਖੰਡ ਦੀਆਂ ਸੁਗੰਧਤ ਫੁਲਾਂ ਨਾਲ ਭਰਪੂਰ, ਵਾਦੀ ਵਿਚ ਆਪ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਦੇ ਖੇਤਰ ਵਿਚ ਆਨੰਦ ਪੂਰਵਕ ਸਮਾਂ ਬਤੀਤ ਕਰ ਰਹੇ ਹੋਵੋਗੇ। ਮੈਂ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ- ਦੁਨੀਆਂ ਸੁਹਾਵੇ ਬਾਗ ਵਿਚ, ਬੜੇ ਹੌਸਲੇ ਅਤੇ ਦ੍ਰਿੜ੍ਹਤਾ ਨਾਲ ਵਕਤ ਗੁਜ਼ਾਰ ਰਿਹਾ ਹਾਂ।

ਤੁਹਾਡੀ ਜੁਦਾਈ ਨੂੰ ਸੱਤਵਾਂ ਸਾਲ ਲਗ ਗਿਆ ਹੈ। ਏਨੇ ਅਰਸੇ ਵਿਚ ਮੈਂ ਇਕ ਪਲ ਲਈ ਵੀ ਤੁਹਾਨੂੰ ਭੁਲ ਨਹੀਂ ਸਕਿਆ। ਇਸ ਗੱਲ ਦਾ ਅਹਿਸਾਸ ਹੁੰਦਾ ਰਹਿੰਦਾ ਹੈ ਕਿ ਤੁਸੀਂ ਮੇਰੇ ਨਾਲ ਨਾਲ ਕਦਮ ਮਿਲਾ ਕੇ ਚਲ ਰਹੇ ਹੋ, ਜੇ ਇੰਜ ਨਾ ਹੁੰਦਾ ਤਾਂ ਲ ਜ਼ਮੀ ਮੈਂ ਵੀ ਕਦੋਂ ਦਾ ਸਚਖੰਡ ਦਾ ਵਾਸੀ ਹੋ ਗਿਆ ਹੁੰਦਾ। ਤੁਹਾਡੇ ਨਾਲ ਹੋਣ ਦੇ ਅਹਿਸਾਸ ਨੇ ਮੈਨੂੰ ਬੜਾ ਬਲ ਦਿੱਤਾ ਹੈ ਅਤੇ ਜਿਸ ਉਮਰੇ ਮੈਂ ਨਿਸੱਤਾ ਹੋ ਕੇ ਕੇਵਲ ਬਿਸਤਰੇ ਦਾ ਸੁਖ ਹੀ ਮਾਣਨਾ ਸੀ,


Sri Satguru Jagjit Singh Ji eLibrary NamdhariElibrary@gmail.com

ਹੁਣ ਮੈਂ ਆਪਣਿਆਂ ਬੱਚਿਆਂ ਕੋਲ ਕਦੇ ਭਾਰਤ ਕਦੇ ਥਾਈਲੈਂਡ ਅਤੇ ਕਦੇ ਅਮਰੀਕਾ ਦਾ ਚੱਕਰ ਕਟਦਾ ਰਹਿੰਦਾ ਹਾਂ, ਨਾ ਮੈਨੂੰ ਪੈਸਿਆਂ ਦੀ ਤੋਟ ਆਈ ਹੈ ਅਤੇ ਨਾ ਹੀ ਹਿੰਮਤ ਦੀ ।

ਇਸ ਅਵਸਥਾ ਨੂੰ ਬਿਆਨ ਕਰਦੀ ਮੈਨੂੰ ਪ੍ਰੀਤਮ ਸਿੰਘ ਕਵੀ ਦੀ ਰੁਬਾਈ ਯਾਦ ਆਈ ਏ :

ਅੱਖੀਆਂ ਨਾਲ ਨ ਤੂੰ ਦਿਸਦਾ ਏਂ,
ਫਿਰ ਵੀ ਰਹਿੰਨਾ ਏਂ ਕੋਲ ।
ਹੱਥਾਂ ਨਾਲ ਛੁਹਿਆ ਨ ਜਾਵੇਂ,
ਉਂਜ ਤੂੰ ਕਰੇਂ ਕਲੋਲ ।
ਸੂਖਮ, ਸੁੱਚਾ ਪਿਆਰ ਸੁਹਣਿਆਂ,
ਦਏ ਨਜ਼ਾਰੇ ਹਰ ਪਲ :
ਅਣਦਿਸਦਾ ਵੀ ਦਿਸਦਾ ਜਾਪੇ,
ਚੁਪ ਦੇ ਸੁਣਨਾ ਬੋਲ ।

ਇਹ ਤਾਂ ਪਤਾ ਨਹੀਂ ਉਸ ਕੀਹਦੇ ਲਈ ਲਿਖੀ ਹੈ, ਪਰ 'ਸਿਮਰਨ' ਵਿਚ ਛਪੀ ਹੋਈ ਹੋਣ ਕਾਰਨ ਸਤਿਗੁਰਾਂ ਵੱਲ ਹੀ ਲਿਖੀ ਜਾਪਦੀ ਹੈ ਅਤੇ ਮੈਨੂੰ ਇਸ ਵਿਚ ਤੇਰੇ ਮੇਰੇ ਸੰਬੰਧਾਂ ਦਾ ਝਲਕਾਰਾ ਮਿਲਦਾ ਹੈ । ਭਾਵੇਂ ਮੈਂ ਤੈਨੂੰ ਛੋਹ-ਟੋਹ ਨਹੀਂ ਸਕਦਾ, ਪ੍ਰਤੱਖ ਰੂਪ ਵਿਚ ਤੇਰੇ ਨਾਲ ਗੱਲਾਂ ਨਹੀਂ ਕਰ ਸਕਦਾ, ਪਰ ਤੇਰੇ ਮੇਰੇ ਸਦਾ ਨਾਲ ਹੋਣ ਦਾ ਅਹਿਸਾਸ ਤਾਂ ਬਣਿਆ ਹੀ ਰਹਿੰਦਾ ਹੈ । ਤੂੰ ਭਾਵੇਂ ਪ੍ਰਤੱਖ ਰੂਪ ਵਿਚ ਮੇਰੇ ਨੇੜੇ ਨਹੀਂ ਹੁੰਦੀ ਪਰ ਕੋਈ ਸੰਦੇਹ ਨਹੀਂ ਕਿ ਮੈਂ ਇਕਾਂਤ ਵਿਚ ਗੱਲਾਂ ਕਰਦਾ ਹਾਂ ਅਤੇ ਤੇਰੇ ਕੋਲੋਂ ਸ਼ਕਤੀ ਲੈਂਦਾ ਹਾਂ । ਚੰਗਾ ਹੁੰਦਾ ਮੈਂ ਤੇਰੀ ਥਾਂ ਸਤਿਗੁਰਾਂ ਨਾਲ ਗੱਲਾਂ ਕਰਦਾ, ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਚੇਤੇ ਕਰਦਾ । ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਿਮਰਦਾ, ਪਰ ਪਤਾ ਨਹੀਂ ਕਿਉਂ, ਸਦਾ ਹੀ ਮੈਨੂੰ ਇਉਂ ਲਗਿਆ ਹੈ ਜਿਵੇਂ ਸਤਿਗੁਰਾਂ ਨੇ ਤੂੰ ਆਪਣੀ ਸ਼ਕਤੀ ਦੇ ਰੂਪ ਵਿਚ ਮੈਨੂੰ ਬਖਸ਼ੀ ਹੁੰਦੀ ਹੈ । ਉਹ ਤਾਂ ਜਾਂ ਨਿਜ ਸਰੂਪ ਵਿਚ ਵਿਅਕਤ ਹਨ ਜਾਂ ਸਮੁੱਚੇ ਸਮਾਜ ਦੀ ਰਾਹਨੁਮਾਈ ਕਰਦੇ ਹਨ, ਪਰ ਉਹਨਾਂ ਤੈਨੂੰ ਮੇਰੇ ਨਾਲ ਜੋੜ ਕੇ ਜਿਵੇਂ ਆਪਣਾ ਆਪ ਮੇਰੇ ਨਾਲ ਰਖਿਆ ਹੁੰਦਾ ਹੈ । ਇਹੋ ਕਾਰਨ ਹੈ ਕਿ ਜਦੋਂ ਹੀ ਮੈਂ ਤੈਨੂੰ ਯਾਦ ਕਰਦਾ ਹਾਂ ਮੈਨੂੰ ਸਤਿਗੁਰੂ ਵੀ ਯਾਦ ਆਉਂਦੇ ਹਨ, ਸਚਖੰਡ ਵਾਸੀ ਵੀ ਅਤੇ ਵਰਤਮਾਨ ਵੀ । ਜੇ ਇੰਜ ਨਾ ਹੁੰਦਾ ਤਾਂ ਮੈਂ ਇਹ ਗੱਲ ਹੀ ਕਿਉਂ ਕਰਦਾ ।

ਪ੍ਰਾਣ ਪਿਆਰੀ ਮਹਿੰਦਰ ? ਜ਼ਿੰਦਗੀ ਪਲ ਪਲ ਕਰਕੇ ਹਥੋਂ ਨਿਕਲੀ ਜਾਂਦੀ ਹੈ ਅਤੇ ਇੰਜ ਲਗਦਾ ਹੈ ਜਿਵੇਂ ਹਰ ਘੜੀ ਮੈਂ ਤੇਰੇ ਵਲ ਹੀ ਵਧ ਰਿਹਾ ਹਾਂ । ਪਰ ਦੇਹ ਰੂਪ ਵਿਚ ਹੋਣ ਕਰਕੇ ਮੈਂ ਜੀਵਨ ਕਾਰਜਾਂ ਵਿਚ ਹਿੱਸੇ ਆਉਂਦੀਆਂ



ਸੇਠ ਤਰਲੋਕ ਸਿੰਘ ਚਾਵਲਾ

ਇੱਟਾਂ ਜੋੜ ਰਿਹਾ ਹਾਂ ।

ਪਹਿਲੀ ਗੱਲ, ਜਿਹੜੀ ਤੇਰੇ ਪਿਛੋਂ ਵਾਪਰੀ ਉਹ ਹੈ ਮੇਰਾ ਜ਼ਿੰਦਗੀ ਵਿਚ ਵਿਸ਼ਵਾਸ । ਮੇਰੇ ਅੰਦਰ ਇਹ ਗੱਲ, ਬਾਰ-ਬਾਰ ਆਉਂਦੀ ਰਹਿੰਦੀ ਹੈ ਕਿ ਇਸ ਦੁਨੀਆਂ ਸੁਹਾਵੇ ਬਾਗ ਵਿਚ ਜਿੰਨਾ ਵੀ ਚਿਰ ਮੈਂ ਰਹਿਣਾ ਹੈ, ਕੰਮ ਕਰਦੇ ਰਹਿਣਾ ਹੈ, ਜ਼ਿੰਮੇਵਾਰੀ ਨਿਬਾਉਂਦਿਆਂ ਰਹਿਣਾ ਹੈ । ਇਸ ਗੱਲ ਦਾ ਬੜੀ ਸ਼ਿੱਦਤ ਨਾਲ ਅਹਿਸਾਸ ਹੋਇਆ ਹੈ ਕਿ ਜੀਉਣਾ ਉਸੇ ਆਦਮੀ ਦਾ ਹੈ ਜਿਹੜਾ ਸਤਿਗੁਰਾਂ ਦੇ ਚਰਨਾਂ ਵਲ ਧਿਆਨ ਰਖਦਿਆਂ ਜ਼ਿੰਦਗੀ ਦੇ ਪਲ ਪਲ ਦੀ ਉਸਾਰੂ ਤੇ ਉਪਜਾਊ ਵਰਤੋਂ ਕਰੇ । ਅਤੇ ਮਿਲੇ ਹੋਏ ਸਮੇਂ ਦੀ ਭਰਪੂਰ ਵਰਤੋਂ ਕਰੇ । ਜ਼ਿੰਦਗੀ ਨੂੰ ਨਿਕੰਮੀਆਂ ਸੋਚਾਂ ਵਿਚ ਪਾ, ਨਿਰਾਸ਼ਾਵਾਦੀ ਹੋ ਕੇ ਬੈਠ ਜਾਣਾ ਕਿਸੇ ਵਾਸਤੇ ਵੀ ਲਾਭਕਾਰੀ ਨਹੀਂ, ਧੀਆਂ, ਪੁੱਤਾਂ, ਸਮਾਜ ਜਾਂ ਆਪਣੇ ਵਾਸਤੇ ਤੇਰੇ ਪਿਛੋਂ ਇਸ ਗੱਲ ਦਾ ਬੜੇ ਜ਼ੋਰ ਨਾਲ ਭਾਵ ਜਾਗਿਆ ਹੈ । ਜੀਵੋ ਪ੍ਰਸੰਨਤਾ ਨਾਲ ਕਰੋ ਵੀ ਖੁਸ਼ੀ ਖੁਸ਼ੀ । ਜ਼ਿੰਦਗੀ ਦਾ ਆਨੰਦ ਏਸੇ ਵਿਚ ਹੈ ।

ਤੇਰੇ ਸਦੀਵੀ ਵਿਛੋੜੇ ਪਿਛੋਂ ਇਕ ਵਾਰ ਨਿਰਾਸਤਾ ਮੇਰੇ ਤੇ ਸਵਾਰ ਹੋ ਗਈ ਸੀ । ਇਸ ਤਰ੍ਹਾਂ ਦੇ ਵਿਚਾਰ ਦਿਨ ਰਾਤ ਦੁਆਲੇ ਰਹਿੰਦੇ ਸਨ : ਕੀ ਭਰੋਸਾ ਹੈ ਜ਼ਿੰਦਗੀ ਦਾ, ਪਤਾ ਨਹੀਂ ਕਿਹੜੇ ਸਮੇਂ ਬੋਲੋ ਰਾਮ ਹੋ ਜਾਏ । ਕੀਤਾ ਕਰਾਇਆ, ਮਕਾਨ, ਦੁਕਾਨਾਂ, ਧੀਆਂ, ਪੁੱਤ, ਜੋੜਿਆ ਜੁੜਾਇਆ ਜਦੋਂ ਏਥੇ ਹੀ ਛੱਡ ਜਾਣਾ ਹੈ ਤਾਂ ਏਨੇ ਤਰੱਦਦਾਂ ਦੀ ਕੀ ਲੋੜ, ਕਾਹਦੇ ਲਈ ਸਿਆਪੇ ਪਿਟਣੇ ! ਪਰ ਮੈਂ ਛੇਤੀ ਹੀ ਸਾਵਧਾਨ ਹੋ ਗਿਆ । ਸਤਿਗੁਰਾਂ ਮੇਰੇ ਤੇ ਕਿਰਪਾ ਕੀਤੀ : 'ਬਾਹਿ ਪਕਰਿ ਕਢਿ ਲੀਨੇ ਆਪੁਨੇ' ਵਾਂਗ ਮੈਨੂੰ ਇਹਨਾਂ ਢਾਹੂ ਵਿਚਾਰਾਂ ਤੋਂ ਛੇਤੀ ਛੁਟਕਾਰਾ ਮਿਲ ਗਿਆ ਅਤੇ ਮੈਂ ਜ਼ਿੰਦਗੀ ਵਿਚ ਵਿਸ਼ਵਾਸ ਨਾਲ ਕਦਮ ਪੁੱਟਣ ਲੱਗਾ ।

Sri Satguru Jagjit Singh Ji eLibrary NamdhariElibrary@gmail.com

ਇਹ ਨਹੀਂ ਕਿ ਤੂੰ ਮੈਨੂੰ ਭੁੱਲੀ, ਸਗੋਂ ਇਹ ਕਿ ਤੇਰੀ ਮੇਰੇ ਨਾਲ ਹੋਂਦ ਦਾ ਅਹਿਸਾਸ ਮੇਰੀ ਸਹਾਇਤਾ ਤੇ ਆ ਗਿਆ ਅਤੇ ਹੁਣ ਇੰਜ ਲਗਦਾ ਰਹਿੰਦਾ ਹੈ ਜਿਵੇਂ ਮੈਂ ਅਤੇ ਤੂੰ ਇਕੱਠੇ ਹੀ ਰਹਿ ਰਹੇ ਹਾਂ ਤੂੰ ਅਰੂਪ ਅਤੇ ਮੈਂ ਸਰੂਪ। ਮੈਂ ਤੇਰੇ ਕਰਕੇ ਅਰੂਪ ਦੀ ਅਨੰਤਤਾ ਨਾਲ ਜੁੜਿਆ ਰਹਿੰਦਾ ਹਾਂ, ਹੋ ਸਕਦਾ ਹੈ ਤੂੰ ਵੀ ਮੇਰੇ ਕਾਰਨ ਸਰੂਪ ਦੀ ਸਤਿਅੱਤਾ ਨਾਲ ਜੁੜੀ ਰਹਿੰਦੀ ਹੋਵੇ।

ਏਨੀਆਂ ਕੁ ਗੱਲਾਂ ਨਿਰੋਲ ਤੇਰੇ ਲਈ ਕਰਨਾ ਚਾਹੁੰਦਾ ਸਾਂ।

ਹੁਣ ਸੁਣ ਘਰ ਪਰਵਾਰ ਤੇ ਕਾਰੋਬਾਰ ਦੀ ਗੱਲ।

ਤੂੰ ਕਹਿੰਦੀ ਹੁੰਦੀ ਸੈਂ, ਸੱਤ ਪੁੱਤਰਾਂ ਨੂੰ ਸੱਤਾਂ ਦੇਸ਼ਾਂ ਵਿਚ ਸੈਟਲ ਕਰਕੇ ਆਪਾਂ ਇਹਨਾਂ ਦੀਆਂ ਮਿਲਣੀਆਂ ਗਿਲਣੀਆਂ ਲਈ ਚੜ੍ਹੇ ਰਿਹਾ ਕਰਾਂਗੇ ਅਤੇ ਏਸੇ ਬਹਾਨੇ ਦੁਨੀਆ ਦੀ ਸੈਰ, ਹਵਾਈ ਜਹਾਜ਼ਾਂ ਦੇ ਹੂਟੇ ਅਤੇ ਹੋਰ ਹੋਰ ਦੁਨੀਆ ਦੇ ਰੰਗ ਤਮਾਸ਼ੇ ਵੇਖਦੇ ਰਿਹਾ ਕਰਾਂਗੇ ਅਤੇ ਫਿਰ ਆਪੇ ਹੀ ਇਕ ਕੰਮ ਦਾ ਮੋੜਾ ਪਾ ਲਿਆ ਕਿ ਇੰਝ ਤਾਂ ਸਾਰੇ ਕੱਲੇ ਕੱਲੇ ਹੋ ਜਾਣਗੇ, ਦੁਖ ਸੁਖ ਸਮੇਂ ਇਕੱਠ ਹੀ ਮਦਦ ਕਰਦਾ ਹੈ। ਸੋ ਏਸੇ ਖਿਆਲ ਨਾਲ ਤਿੰਨ ਦੇਸਾਂ ਵਿਚ ਸੱਤਾਂ ਬੱਚਿਆਂ ਅਤੇ ਅੱਠਵੀਂ ਬੱਚੀ ਨੂੰ ਕੰਮ ਧੰਦੇ ਆਰੰਭ ਕਰਕੇ ਦਿਤੇ।

ਅੱਜ ਮੈਂ ਤੈਨੂੰ ਤੇਰੀ ਅੰਤਮ ਘੜੀ ਵਾਲੇ ਸਥਾਨ, ਅਮਰੀਕਾ ਵਿਚ ਹੀ, ਤੇਰੇ ਬੱਚਿਆਂ ਪਾਸ ਬੈਠਾ, ਯਾਦ ਕਰ ਰਿਹਾ ਹਾਂ। ਸਾਰੇ ਬੱਚੇ ਹੀ ਗਹਿਰੇ ਅਹਿਸਾਸ ਨਾਲ ਅੱਜ ਤੇਰੇ ਨਾਲ ਵਿਚਰ ਰਹੇ ਹਨ। ਮੈਂ ਹਰ ਕਿਸੇ ਤੋਂ ਤੇਰੇ ਬਾਰੇ ਗੱਲਾਂ ਸੁਣਦਾ ਹਾਂ। ਸੋਹਣ, ਬਲਦੇਵ, ਸ਼ੇਰ ਸਿੰਘ, ਭੁਪਿੰਦਰ ਸਿੰਘ ਚਾਰੇ ਭਰਾ ਅਮਰੀਕਾ ਵਿਚ ਹਨ। ਸੋਹਣ ਸਿੰਘ, ਬਲਦੇਵ ਸਿੰਘ ਕੇ ਘਰੀਂ ਅਜੇ ਬੱਚਿਆਂ ਦਾ ਆਗਮਨ ਨਹੀਂ। ਤੂੰ ਇਸ ਘਾਟ ਨੂੰ ਸਦਾ ਹੀ ਗਹਿਰਿਆਂ ਮਹਿਸੂਸਸ ਕੀਤਾ। ਪਰ ਅਜੇ ਗੁਰੂ ਦਰਬਾਰੋਂ ਨਾ ਤੇਰੀ, ਨਾ ਮੇਰੀ, ਨਾ ਬੱਚਿਆਂ ਦੀ ਅਰਦਾਸ ਹੀ ਕਬੂਲ ਹੋਈ। ਕੰਮ ਧੰਦਿਆਂ ਵਲੋਂ ਸਾਰੇ ਬੱਚੇ ਸੰਤੁਸ਼ਟ ਹਨ। ਤੇਰੇ ਹੁੰਦਿਆਂ ਰਾਜਿਆਂ ਵਾਂਗੂੰ ਜੀਵੇ, ਹੁਣ ਉਹ ਆਪਣੀ ਸ਼ਕਤੀ ਤੇ ਹਿੰਮਤ ਨਾਲ ਅੱਗੇ ਵਧਣਗੇ। ਮੈਂ ਸਾਰੇ ਬੱਚਿਆਂ ਨੂੰ ਮੁਨਾਸਬ ਕਮਾਈ ਦੇ ਸਾਧਨਾਂ ਹਿਤ ਸਹਿਯੋਗ ਦੇ ਰਿਹਾ ਹਾਂ। ਇਹ ਕੰਮ ਕਰਦਿਆਂ ਮੈਨੂੰ ਸਦਾ ਹੀ ਤੇਰਾ ਚੇਤਾ ਤੇ ਤੇਰੀ ਪਹੁੰਚ ਯਾਦ ਰਹਿੰਦੀ ਹੈ।

ਥਾਈਲੈਂਡ ਵਿਚ ਸੈਟਲ ਹੋਏ ਬੱਚਿਆਂ ਵੱਡੇ ਬਖਸ਼ੀਸ਼ ਤੇ ਓਦੂੰ ਛੋਟੇ ਧਰਮ ਨੂੰ ਵੀ ਹੁਣ ਮੁਨਾਸਬ ਕਮਾਈ ਦੇ ਸਰੋਤ ਮਿਲ ਗਏ ਹਨ ਅਤੇ ਅਗਲੇ ਕਦਮ ਉਨ੍ਹਾਂ ਦੇ ਪ੍ਰਗਤੀ ਵਾਲੇ ਪਾਸੇ ਹੋਣਗੇ।

ਭਾਰਤ ਵਿਚ ਲਾਲ ਜੀ (ਸੰਤੋਖ ਸਿੰਘ) ਨੇ ਆਪਣਾ ਪ੍ਰਭਾਵ ਬਣਾ ਲਿਆ ਹੈ, ਜਿਸ ਦੇ ਅੰਞਾਣਪੁਣੇ ਦਾ ਚੇਤਾ ਕਰਕੇ ਤੈਨੂੰ ਸਦਾ ਫਿਕਰ ਸਤਾਂਦਾ ਹੁੰਦਾ ਸੀ। ਉਹ ਆਪਣੀ ਰੋਜ਼ੀ ਰੋਟੀ ਵਲੋਂ ਨਿਸਚਿੰਤ ਹੈ। ਅਸਾਂ ਮੁੜ ਦਿੱਲੀ ਵਿਚ ਡੇਰੇ ਜਮਾ ਲਏ ਹਨ। ਪਹਿਲਾਂ ਦੋ ਤਿੰਨ ਸਾਲ ਗੁੜਗਾਵਾਂ ਫਾਰਮ ਤੇ ਡੇਰੇ ਲਾਈ ਰਖੇ ਸਨ। ਪਰ ਸਾਡਾ ਕਿਉਂਕਿ ਕਰਮ ਖੇਤਰ ਦਿੱਲੀ ਹੀ ਸੀ ਸੁ ਦੁਬਾਰਾ ਪੂਸਾ ਰੋਡ ਤੇ ਹੀ ਆ ਗਏ ਹਾਂ। ਪਰ ਤੈਨੂੰ ਇਹ ਸੁਣਕੇ ਵੀ ਚੰਗਾ ਨਹੀਂ ਲੱਗੇਗਾ ਕਿ ਅਜੇ ਤਕ ਰਾਣੀ ਅਤੇ ਲਾਲ ਜੀ ਵੀ ਇਕੱਲੇ ਹੀ ਹਨ ਅਰਥਾਤ ਕਿਸੇ ਬਾਲ ਨੇ ਉਹਨਾਂ ਦੇ ਘਰ ਵੀ ਜਨਮ ਨਹੀਂ ਲਿਆ। ਮੈਂ ਵੀ ਆਮ ਕਰਕੇ ਇਹਨਾਂ ਕੋਲ ਹੀ ਰਹਿੰਦਾ ਹਾਂ। ਅਸੀਂ ਭਾਵੇਂ ਨੌਕਰਾਂ ਚਾਕਰਾਂ ਦੀ ਧਾੜ ਵਿਚ ਰਹਿੰਦੇ ਹਾਂ, ਪਰ ਵੱਡੇ-ਵੱਡੇ ਤਿੰਨ ਮਿਲਕੇ ਵੀ ਪਰਮ ਸੰਤੁਸ਼ਟੀ ਮਹਿਸੂਸ ਨਹੀਂ ਕਰਦੇ। ਬੜੇ ਸ਼ਿੱਦਤ ਨਾਲ ਸਾਡੇ ਮਨ ਕਿਸੇ ਬਾਲ ਦੀ ਕਿਲਕਾਰੀ ਨੂੰ ਤਰਸਦੇ ਹਨ। ਸਾਡੀ ਅਰਦਾਸ ਤਾਂ ਸਤਿਗੁਰਾਂ ਦੇ ਚਰਨਾਂ ਵਿਚ ਹੀ ਹੈ। ਉਸਦੇ ਘਰ ਕਿਸੇ ਗੱਲ ਦਾ ਘਾਟਾ ਨਹੀਂ। ਪਤਾ ਨੀਂ ਕਦੋਂ ਤੁੱਠਣ!

ਸਾਡੀ ਪੁੱਤਰੀ ਬਾਵੇ ਤੇ ਦਲਜੀਤ ਨੇ ਕਾਰੋਬਾਰ ਦਾ ਰਾਹ ਪਕੜ ਲਿਆ ਹੈ ਅਤੇ ਉਹ ਹਰ ਤਰ੍ਹਾਂ ਸਵੈ-ਨਿਰਭਰ ਅਤੇ ਅਤੇ ਲੂੜੀਂਦੇ ਬੱਚਿਆਂ ਦੇ ਮਾਤਾ ਪਿਤਾ ਬਣਕੇ ਉਨ੍ਹਾਂ ਦੀ ਪਾਲਣਾ ਅਛੇ ਤਰੀਕੇ ਨਾਲ ਕਰ ਰਹੇ ਹਨ। ਮੈਨੂੰ ਇਹਨਾਂ ਵੱਲ ਵੇਖ ਕੇ ਬਹੁਤ ਸੰਤੁਸ਼ਟਤਾ ਹੁੰਦੀ ਹੈ। ਇਸ ਵੇਲੇ ਸਤਿਗੁਰਾਂ ਦੀ ਇਹਨਾਂ ਤੇ ਅਪਾਰ ਕਿਰਪਾ ਹੈ। ਅਤੇ ਆਸ ਕਰਦਾ ਹਾਂ ਇਹਨਾਂ ਬੀਬੇ ਬੱਚਿਆਂ ਤੇ ਸਤਿਗੁਰੂ ਜੀ ਦੀ ਮਿਹਰ ਨਜ਼ਰ ਇਹਨਾਂ ਨੂੰ ਪਦਾਰਥਕ, ਸਮਾਜਿਕ ਅਤੇ ਅਧਿਆਤਮ ਦੀਆਂ ਉੱਚੀਆਂ ਮੰਜ਼ਲਾਂ ਵਲ ਲੈ ਜਾਵੇਗੀ।

ਚਿੱਠੀ ਤੈਨੂੰ ਦੇਰ ਨਾਲ ਲਿਖੀ ਹੈ। ਇਹਦਾ ਮਤਲਬ ਇਹ ਨਹੀਂ ਕਿ ਤੂੰ ਯਾਦ ਹੀ ਏਨੀ ਦਿਰਾਨੀ ਆਈ ਹੈਂ। ਨਹੀਂ, ਕਾਰਨ ਸਿਰਫ ਏਨਾ ਹੈ ਕਿ ਤੇਰੀ ਲਿਵ ਵਿਚ ਸੰਸਾਰਕ ਵਿਘਨ ਨਹੀਂ ਸਾਂ ਚਾਹੁੰਦਾ। ਸਾਲ ਪਿਛੋਂ ਇਕ ਚਿੱਠੀ ਪੜ੍ਹਨ ਜੋਗਾ ਸਮਾਂ ਅਤੇ ਸਥਿਤੀ ਤਾਂ ਪੈਦਾ ਹੋ ਹੀ ਸਕਦੀ ਹੈ।

ਜਿਸ ਕਿਸੇ ਨੇ ਆਖਿਆ ਹੋਵੇਗਾ 'ਰੱਬ ਵਰਗਾ ਆਸਰਾ ਤੇਰਾ……' ਉਸਨੇ ਠੀਕ ਹੀ ਆਖਿਆ ਹੈ। ਕਿਉਂਕਿ ਆਸਰੇ ਦੋ ਹੀ ਲੱਗੇ ਹਨ ਸਤਿਗੁਰੂ ਦਾ ਜਾਂ ਸਾਥੀ ਦਾ। ਅਤੇ ਤੂੰ ਮੇਰਾ ਅਜਿਹਾ ਸਾਥੀ ਹੈਂ ਜੁ ਸਰੀਰਕ ਪਖੋਂ ਬਿਨਸ ਕੇ ਵੀ ਮੇਰੇ ਹਰਦਮ ਸੰਗ ਸਾਥ ਰਹਿ ਕੇ ਮੇਰੇ ਸਾਰੇ ਕਾਰਜਾਂ ਵਿਚ ਹੌਸਲਾ ਅਤੇ ਅਗਵਾਈ ਕਰਦਾ ਹੈਂ।

ਸ਼ੁਕਰੀਆ ਤੇਰਾ, ਧੰਨਵਾਦ ਤੇਰਾ!

ਦਿਲ ਦੇ ਗਹਿਰੇ ਸਨੇਹ ਨਾਲ

ਤੇਰਾ

ਤਰਲੋਕਸਿੰਘ ਚਾਵਲਾ



Sri Satguru Jagjit Singh Ji eLibrary NamdhariElibrary@gmail.com

# ਇਕ ਕੋਸ਼ ਦਾ ਜਨਮ—੫

□ਸੁਰਜੀਤ ਖ਼ੁਰਸ਼ੀਦੀ

ਸੰਕੇਤ—ਅ—ਅਰਬੀ
ਫ਼—ਫ਼ਾਰਸੀ
ਅਫ਼—ਅਰਬੀ ਤੋਂ ਫ਼ਾਰਸੀ ਕੀਤਾ
ਤੁ—ਤੁਰਕੀ

ਆਅਲਾ : (ਅ) ਵਧੀਆ/ਸ਼ਾਨਦਾਰ/ਸਭ ਤੋਂ ਉੱਚਾ
ਆਲ੍ਹਾ : (ਅ) ਸੰਦ/ਹਥਿਆਰ
ਆਲ੍ਹਾਕਾਰ : (ਅਫ਼) ਹੱਥ ਠੋਕਾ/ਕੰਮ ਕਰਨ ਦਾ ਸੰਦ/ ਸਾਧਨ।
ਆਲਿਮ : (ਫ਼) ਦੇਖੋ ਆਲਮ।
ਆਲੀ : (ਅ) ਬੁਲੰਦ/ਉੱਚਾ।
ਆਲੀ ਹਜ਼ਰਤ : (ਅ) ਉੱਚੇ ਮਰਤਬੇ ਵਾਲਾ ਵਿਅਕਤੀ।
ਆਲੀ ਹਿੰਮਤ : (ਅ) ਬਹੁਤ ਹੌਸਲੇ ਵਾਲਾ/ਦਲੇਰ/ ਸੂਰਮਾ।
ਆਲੀ ਜਨਾਬ : (ਅ) ਵੱਡੀ ਪਦਵੀ ਵਾਲਾ/ਉਚੇ ਮਰਤਬੇ ਵਾਲਾ।
ਆਲੂਚਾ : (ਫ਼) ਇਕ ਮੇਵਾ।
ਆਲੂਦ : (ਫ਼) ਲਿਬੜਿਆ ਹੋਇਆ।
ਆਲੂਦਗੀ : (ਫ਼) ਨਾਪਾਕੀ/ਗੰਦਗੀ/ਮੈਲ।
ਆਵਾਜ਼ : (ਫ਼) ਬੋਲ/ਧੁਨਿ/ਸੱਦ/ਪੁਕਾਰ।
ਆਵਾਰਗੀ : (ਫ਼) ਬਿਨਾਂ ਠਿਕਾਣੇ ਦੇ/ਬੇਹੂਦਗੀ।
ਆਵਾਰਾ : (ਫ਼) ਬਦਚਲਨ/ਬੇਹੂਦਾ/ਨਿਕੰਮਾ/ ਬੇਠਿਕਾਣਾ/ਬਦਮਾਸ਼।
ਆਵਾਰਾਗਰਦੀ : (ਫ਼) ਬਿਨਾਂ ਕੰਮ ਕਾਰ ਤੋਂ ਫਿਰਨਾ/ ਬੇਕਾਰ ਘੁਮਣਾ ਫਿਰਨਾ।
ਐਤਕਾਦ : (ਅ) ਭਰੋਸਾ/ਯਕੀਨ।
ਐਤਬਾਰ : (ਅ) ਭਰੋਸਾ।
ਐਤਬਾਰੀ : (ਅ) ਭਰੋਸੇਯੋਗ/ਮੋਅਤਬਰ।
ਐਤਮਾਦ : (ਅ) ਭਰੋਸਾ/ਯਕੀਨ।
ਐਤਰਾਜ਼ : (ਅ) ਹੁੱਜਤ/ਨੁਕਤਾਚੀਨੀ/ਵਿਰੋਧ
ਐਤਰਾਫ਼ : (ਅ) ਮੰਨ ਲੈਣਾ/ਇਕਰਾਰ ਕਰਨਾ।
ਐਲਚੀ : (ਤੁ) ਦੂਤ/ਸਫ਼ੀਰ।
ਐਸ਼ : (ਅ) ਆਰਾਮ/ਸੁਖ/ਖ਼ੁਸ਼ੀ/ਚੈਨ/ਸੁਆਦ।
ਐਸ਼ਪ੍ਰਸਤ : (ਅਫ਼) ਆਰਾਮਤਲਬ/ਮੌਜੀ।
ਐਨਕ : (ਅ) ਚਸ਼ਮਾ।
ਐਬ : (ਅ) ਨੁਕਸ/ਖਰਾਬੀ/ਖੋਟ/ਦਾਗ।
ਐਲਗਾਰ : (ਤੁ) ਦੇਖੋ ਯਲਗਾਰ।
ਐਲਾਨ : (ਅ) ਦੇਖੋ ਏਲਾਨ।
ਐਹਲ : (ਅ) ਘਰ ਦੇ ਲੋਕ/ਲਾਇਕ/ਕਾਬਿਲ/ ਮਾਲਿਕ।
ਔਸਤ : (ਅ) ਵਿਚਕਾਰਲੇ ਮੇਲ ਦਾ/ ਦਰਮਿਆਨਾ/ਵਿਚਕਾਰਲਾ।
ਔਰਤ : (ਅ) ਮਰਦ ਦੀ ਮਦੀਨ/ਨਾਰੀ/ਪਤਨੀ।
ਔਕਾਤ : (ਅ) ਹੈਸੀਅਤ।
ਔਜ਼ਾਰ : (ਅ) ਸੰਦ/ਹਥਿਆਰ।
(ਔਲਾਦ) : (ਅ) ਬਾਲ ਬੱਚੇ।
ਅੰਬੁ : (ਫ਼) ਅੰਬ/ਇਕ ਮੇਵਾ।

ੲ

ਇਸ਼ਕ : (ਅ) ਹੱਦ ਤੋਂ ਵਧ ਪਿਆਰ/ਮੁਹੱਬਤ।
ਇਸ਼ਕ ਹਕੀਕੀ : (ਅਫ਼) ਸੱਚਾ ਪਿਆਰ/ਰੱਬ ਦਾ ਇਸ਼ਕ।
ਇਸ਼ਕ ਮਜਾਜ਼ੀ : (ਅ) ਜੇਹੜਾ ਅਸਲੀ ਨਾ ਹੋਵੇ/ ਦੁਨੀਆਵੀ ਇਸ਼ਕ/ਸੰਸਾਰੀ ਜੀਵ ਨਾਲ ਮੁਹੱਬਤ।
ਇਸਤਿਆਰ : (ਅ) ਸ਼ਾਇਰੀ ਦੇ ਇਲਮ ਵਿਚ ਇਕ ਇਸਤਲਾਅ ਮੰਗ ਲੈਣਾ।
ਇਸਤਕਬਾਲ : (ਅ) ਸੁਵਾਗਤ/ਅਗਵਾਨੀ।
ਇਸਤਕਰਾਰ : (ਅ) ਠਹਿਰਨਾ/ਤੈ ਹੋਣਾ/ਕਰਾਰ ਫੜਨਾ
ਇਸਤਕਲਾਲ : (ਅ) ਮਜ਼ਬੂਤੀ/ਪਕਿਆਈ।
ਇਸਤਗ਼ਫ਼ਾਰ : (ਅ) ਤੋਬਾ/ਬਖ਼ਸ਼ਿਸ਼ ਚਾਹਣੀ।
ਇਸਤਗਾਸਾ : (ਅ) ਦਾਅਵਾ/ਫਰਿਆਦ/ਨਾਲਿਸ਼।
ਇਸਤਫ਼ਾਦਾ : (ਅ) ਲਾਭ ਲੈਣਾ/ਫ਼ਾਇਦਾ ਪਰਾਪਤ ਕਰਨਾ/ਆਪਣੀ ਕਵਿਤਾ ਵਿਚ ਆਪਣੇ ਵਿਚਾਰ ਦੀ ਪੁਸ਼ਟੀ ਆਦਿ ਲਈ ਕਿਸੇ ਦੇ ਕਲਾਮ ਦੀ ਵਰਤੋਂ ਕਰ ਲੈਣੀ।
ਇਸਤਬਲ : (ਅ) ਘੋੜਿਆਂ ਦਾ ਥਾਨ।
ਇਸਤਮਾਲ : (ਅ) ਵਰਤੋਂ/ਕੰਮ ਵਿਚ ਲਿਆਣਾ।
ਇਸਤਰਾਕ : (ਅ) ਸਾਂਝ।
ਇਸਤਲਾਹ : (ਅ) ਸਮਝੌਤਾ ਕਰ ਲੈਣਾ/ਇਲਮ ਅਰੂਜ਼ ਵਿਚ ਜਦੋਂ ਕਿਸੇ ਸ਼ਬਦ ਦੇ ਅਸਲ ਅਰਥਾਂ ਤੋਂ ਹਟਕੇ ਕੋਈ ਹੋਰ ਅਰਥਾਂ ਤੇ ਸਹਿਮਤ ਹੋ ਜਾਇਆ ਜਾਵੇ।

(ਚਲਦਾ)


Sri Satguru Jagjit Singh Ji eLibrary NamdhariElibrary@gmail.com

# ਦੁਨੀਆ ਦਾ ਸਭ ਤੋਂ ਵੱਡਾ ਮੇਲਾ : ਓਲੰਪਿਕਸ

—ਜਸਪਾਲ ਸ਼ੇਤਰਾ

ਓਲੰਪਿਕ ਖੇਡਾਂ ਦੁਨੀਆਂ ਦੇ ਸਭ ਤੋਂ ਵਡੇ ਮੇਲੇ ਦਾ ਸਬੱਬ ਬਣਦੀਆਂ ਹਨ। ਚਾਰ ਸਾਲ ਬਾਦ ਜੁੜਦੇ ਇਸ ਮੇਲੇ ਉਤੇ ਜਿੰਨਾ ਉਤਸ਼ਾਹ ਹੁੰਦਾ ਹੈ ਓਨਾ ਹੋਰ ਕਿਸੇ ਮੇਲੇ ਉਤੇ ਨਹੀਂ ਹੁੰਦਾ। ਇਸ ਵਾਰੀ ਬਾਰਸੀਲੋਨਾ (ਸਪੇਨ) ਵਿਚ ਹੋਈਆਂ ਓਲੰਪਿਕ ਖੇਡਾਂ ਤਾ ਆਪਣੇ ਆਪ ਵਿਚ ਹੀ ਲਾਸਾਨੀ ਸਨ। ਇਸ ਤੱਥ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗ ਜਾਂਦਾ ਹੈ ਕਿ ਇਸ ਵਾਰੀ ਜਿੰਨੇ ਦੇਸ਼ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਲਈ ਢੁੱਕੇ, ਪਹਿਲਾਂ ਕਦੀ ਵੀ ਨਹੀਂ ਆਏ। ਖੇਡਾਂ ਦੇ ਇਸ ਮਹਾਂ ਕੁੰਭ ਮੇਲੇ ਵਿਚ ਇਸ ਵਾਰੀ ੧੭੨ ਦੇਸ਼ਾਂ ਦੇ ਖਿਡਾਰੀਆਂ ਅਤੇ ਖੇਡ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਚੇਤੇ ਰਹੇ ਕਿ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਦੀ ਗਿਣਤੀ ਸਿਰਫ ੧੭੦ ਹੈ। ਇਸ ਤਰ੍ਹਾਂ ਕੌਮਾਂਤਰੀ ਭਾਈਚਾਰੇ ਨੂੰ ਇਕ ਥਾਂ ਇਕੱਠਾ ਕਰਨ ਵਿਚ ਓਲੰਪਿਕ ਲਹਿਰ ਸੰਯੁਕਤ ਰਾਸ਼ਟਰ ਨਾਲੋਂ ਵੀ ਵਧ ਮਹੱਤਵਪੂਰਨ ਰੋਲ ਅਦਾ ਕਰਦੀ ਪ੍ਰਤੀਤ ਹੁੰਦੀ ਹੈ।

ਦੁਨੀਆ ਦੇ ਸਭ ਤੋਂ ਵਡੇ ਮੇਲੇ ਦਾ ਇਸ ਵਾਰੀ ਉਦਘਾਟਨ ੨੫ ਜੁਲਾਈ ਨੂੰ ਬਾਰਸੀਲੋਨਾ ਦੇ ਗੱਭ ਵਿਚ ਹਿੱਕ ਤਾਣੀ ਖੜ੍ਹੇ ਮੌਂਟ ਜਿਉਕ ਸਟੇਡੀਅਮ ਵਿਚ ਹੋਇਆ। ਬਾਰਸੀਲੋਨਾ ਸਪੇਨ ਦੇ ਇਕ ਪ੍ਰਮੁਖ ਪ੍ਰਾਂਤ ਕੈਟੇਲੋਨੀਆ ਦੀ ਰਾਜਧਾਨੀ ਹੈ। ਉਦਘਾਟਨੀ ਰਸਮਾਂ ਵੇਲੇ ਇਸ ਸ਼ਹਿਰ ਨੂੰ ਵੀਰ ਵਹੁਟੀ ਵਾਂਗ ਸ਼ਿੰਗਾਰਿਆ ਗਿਆ ਸੀ। ਘੁੰਡ ਚੁਕਾਈ ਰਸਮਾਂ ਵੇਲੇ ਸਪੇਨ ਅਤੇ ਕੈਟੇਲੋਨੀਆ ਦੇ ਰੰਗ-ਬਰੰਗੇ ਅਤੇ ਸ਼ਾਨਦਾਰ ਸਭਿਆਚਾਰ ਨੂੰ ਪੇਸ਼ ਕਰਦੇ ਮਨਮੋਹਕ ਦ੍ਰਿਸ਼ ਦੇਖਣ ਨੂੰ ਮਿਲੇ। ਇਸ ਮੌਕੇ ਉਤੇ ਕਈ ਕਿਸਮ ਦੇ ਨ੍ਰਿਤ ਅਤੇ ਸੰਗੀਤ ਪੇਸ਼ ਕੀਤੇ ਗਏ। ਸੈਂਕੜੇ ਦੀ ਗਿਣਤੀ ਵਿਚ ਨ੍ਰਿਤਕਾਰਾਂ ਨੇ ਵਖ ਵਖ ਤਰ੍ਹਾਂ ਦੇ ਨਜ਼ਾਰੇ ਬੰਨ੍ਹੇ। ਸਭਿਆਚਾਰਕ ਪ੍ਰੋਗਰਾਮਾਂ ਤੋਂ ਬਾਦ ਵਖ ਵਖ ਦੇਸ਼ਾਂ ਦੇ ੧੨ ਹਜ਼ਾਰ ਖਿਡਾਰੀ ਅਤੇ ਖੇਡ ਅਧਿਕਾਰੀ ਸਟੇਡੀਅਮ ਅੰਦਰ ਦਾਖਲ ਹੋਏ। ਸਭ ਤੋਂ ਅੱਗੇ ਯੂਨਾਨ ਦੀ ਟੀਮ ਸੀ ਅਤੇ ਸਭ ਤੋਂ ਛੇਕੜ ਵਿਚ ਪ੍ਰਾਹੁਣਾਚਾਰੀ ਕਰ ਰਹੇ ਦੇਸ਼ ਸਪੇਨ ਦੇ ਖਿਡਾਰੀ ਸਟੇਡੀਅਮ ਅੰਦਰ ਵੜੇ। ਉਂਜ ਤਾਂ ਦਰਸ਼ਕਾਂ ਸਭ ਟੀਮਾਂ ਦਾ ਸੁਆਗਤ ਤਾੜੀਆਂ ਦੀ ਗੜਗੜਾਹਟ ਨਾਲ ਕੀਤਾ, ਪਰ ਜਦੋਂ ਪਹਿਲੀ ਵਾਰੀ ਸ਼ਿਰਕਤ ਕਰ ਰਹੇ ਦੇਸ਼ਾਂ—ਦੱਖਣੀ ਅਫਰੀਕਾ ਅਤੇ ਕਰੋਸ਼ੀਆ ਦੀਆਂ ਟੀਮਾਂ ਦੇ ਖਿਡਾਰੀਆਂ ਅਤੇ ਅਧਿਕਾਰੀਆਂ ਸਟੇਡੀਅਮ ਅੰਦਰ ਪੈਰ ਧਰਿਆ ਤਾਂ ਸਾਰਾ ਸਟੇਡੀਅਮ ਹੀ ਤਾੜੀਆਂ ਦੀ ਜ਼ੋਰਦਾਰ ਆਵਾਜ਼ ਵਿਚ ਡੁਬ ਗਿਆ। ਸਾਰੀਆਂ ਟੀਮਾਂ ਦੇ ਖਿਡਾਰੀਆਂ ਨੇ ਸਪੇਨ ਦੇ ਬਾਦਸ਼ਾਹ ਨੂੰ ਸਲਾਮੀ ਦਿਤੀ ਅਤੇ ਸਟੇਡੀਅਮ ਦੇ ਵਿਚਾਲੇ ਆਣ ਜੁੜੇ।

ਇਸ ਤੋਂ ਬਾਦ ਸਪੇਨ ਦੇ ਬਾਦਸ਼ਾਹ ਕਾਰਾਲੋਸ ਨੇ ਖੇਡਾਂ ਦਾ ਰਸਮੀ ਉਦਘਾਟਨ ਕੀਤਾ। ਖਿਡਾਰੀਆਂ ਨੇ ਇਮਾਨਦਾਰੀ ਨਾਲ ਖੇਡਾਂ ਖੇਡਣ ਦਾ ਹਲਫ ਲਿਆ ਅਤੇ ਓਲੰਪਿਕ ਭਜਨ ਗਾਏ ਗਏ। ਉਦਘਾਟਨੀ ਸਮਾਰੋਹ ਦਾ ਸਭ ਤੋਂ ਅਦਭੁਤ ਦ੍ਰਿਸ਼ ਉਦੋਂ ਪੇਸ਼ ਹੋਇਆ ਜਦੋਂ ਓਲੰਪਿਕ ਲਹਿਰ ਦੀ ਪਵਿਤਰ ਜੋਤੀ ਜਗਾਈ ਗਈ। ਇਹ ਪਹਿਲੀ ਵਾਰੀ ਸੀ ਕਿ ਇਕ ਮਾਹਰ ਤੀਰ-ਅੰਦਾਜ਼ ਨੇ ਅਗਨ ਬਾਣ ਦਾ ਨਿਸ਼ਾਨਾ ਲਾਕੇ ਇਹ ਜੋਤ ਜਗਾਈ। ਇਨ੍ਹਾਂ ਉਦਘਾਟਨੀ ਰਸਮਾਂ ਦੇ ਨਜ਼ਾਰੇ ਨੂੰ ਲਗਪਗ ੬੫ ਹਜ਼ਾਰ ਵਿਅਕਤੀਆਂ ਨੇ ਸਟੇਡੀਅਮ ਵਿਚ ਬਹਿ ਕੇ ਅਤੇ ਕਰੋੜਾਂ ਹੋਰਾਂ ਨੇ ਟੈਲੀਵੀਜ਼ਨ ਰਾਹੀਂ ਤੱਕਿਆ।

ਇਸ ਤੋਂ ਬਾਦ ਪੂਰੇ ਪੰਦਰਾਂ ਦਿਨ ਓਲੰਪਿਕ ਖੇਡਾਂ ਦਾ ਆਕਰਸ਼ਕ ਮਾਟੋ 'ਹੋਰ ਤੇਜ਼, ਹੋਰ ਉੱਚਾ ਅਤੇ ਹੋਰ ਲਮੇਰਾ' ਸਕਾਰ ਹੁੰਦਾ ਰਿਹਾ। ਸਮੁਚੇ ਤੌਰ ਉਤੇ ਸਾਬਕਾ ਸੋਵੀਅਤ ਗਣਰਾਜਾਂ ਦੀ ਸੰਯੁਕਤ ਟੀਮ ਝੰਡੀ ਲੈ ਗਈ। ਇਸ ਸੰਯੁਕਤ ਟੀਮ ਦੇ ਖਿਡਾਰੀਆਂ ਨੇ ਸਭ ਤੋਂ ਵਧ ਤਮਗੇ ਜਿੱਤ ਕੇ ਇਹ ਮਾਣ ਹਾਸਲ ਕੀਤਾ ਅਤੇ ਇਸ ਤਰ੍ਹਾਂ ਇਹ ਸਾਬਤ ਕਰ ਦਿਤਾ ਕਿ ਭਾਵੇਂ ਕਿ ਸੋਵੀਅਤ ਯੂਨੀਅਨ ਦਾ ਰਾਜਨੀਤਕ ਢਾਂਚਾ ਖੇਰੂੰ ਖੇਰੂੰ ਹੋ ਚੁਕਿਆ ਹੈ, ਪਰ ਖੇਡਾਂ ਵਿਚ ਹਾਲੇ ਵੀ ਇਹ ਪੁਰਾਣਾ ਸੋਵੀਅਤ ਨਿਜ਼ਾਮ ਇਕ ਵੱਡੀ ਤਾਕਤ ਹੈ। ਇਹ ਵੱਖਰੀ ਗੱਲ ਹੈ ਕਿ ਵਖ ਵਖ ਸੋਵੀਅਤ ਗਣਰਾਜ ਆਖਰੀ ਵਾਰ ਓਲੰਪਿਕ ਖੇਡਾਂ ਵਿਚ ਇਕੱਠੇ ਹੋਕੇ ਸ਼ਾਮਲ ਹੋ ਰਹੇ ਸਨ। ਦੂਜੇ ਨੰਬਰ ਉਤੇ ਅਮਰੀਕਾ ਦੇ ਖਿਡਾਰੀ ਰਹੇ ਅਤੇ ਤੀਜਾ ਨੰਬਰ ਜਰਮਨੀ ਦਾ ਸੀ। ਹਾਲਾਂਕਿ ਦੋਹਾਂ ਜਰਮਨਾਂ (ਪੂਰਬੀ ਅਤੇ ਪੱਛਮੀ) ਦੇ ਰਲੇਵੇਂ ਤੋਂ ਬਾਦ ਇਹ ਆਸ ਬੱਝੀ ਸੀ ਕਿ ਹੁਣ ਜਰਮਨੀ ਸੰਯੁਕਤ ਰੂਪ



Sri Satguru Jagjit Singh Ji eLibrary NamdhariElibrary@gmail.com

ਵਿਚ ਖੇਡਾਂ ਦੀ ਇਕ ਵਡੀ ਤਾਕਤ ਬਣਕੇ ਉਭਰੇਗਾ, ਪਰ ਅਜਿਹਾ ਸੰਭਵ ਨਹੀਂ ਹੋ ਸਕਿਆ।

ਇਨ੍ਹਾਂ ਖੇਡਾਂ ਵਿਚ ਭਾਰਤੀ ਖਿਡਾਰੀਆਂ ਨੂੰ ਪਹਿਲਾਂ ਵਾਂਗ ਪੱਲਾ ਝਾੜ ਕੇ ਹੀ ਪਰਤਣਾ ਪਿਆ। ਭਾਰਤੀ ਖਿਡਾਰੀ ਕੋਈ ਵੀ ਤਮਗਾ ਨਾ ਜਿੱਤ ਸਕੇ। ਭਾਰਤ ਦੀ ਹਾਕੀ ਟੀਮ, ਜਿਸ ਤੋਂ ਕਿ ਕਾਫੀ ਆਸਾਂ ਸਨ, ਸੈਮੀ ਫਾਈਨਲ ਗੇੜ ਵਿਚ ਵੀ ਨਾ ਪੁਜ ਸਕੀ। ਇਹ ਟੀਮ ਸੱਤਵੇਂ ਸਥਾਨ ਉਤੇ ਰਹੀ। ਹਾਕੀ ਵਿਚ ਸੋਨ ਤਮਗਾ ਜਰਮਨੀ ਨੇ ਆਸਟਰੇਲੀਆ ਨੂੰ ਹਰਾ ਕੇ ਜਿਤਿਆ। ਤੀਜੇ ਸਥਾਨ ਉਤੇ ਪਾਕਿਸਤਾਨ ਰਿਹਾ। ਸੈਮੀ ਫਾਈਨਲ ਗੇੜ ਵਿਚ ਵੀ ਪੁਜਣਾ ਭਾਰਤ ਲਈ ਪਹਾੜ ਜਿੱਡੀ ਗੱਲ ਸੀ ਕਿਉਂਕਿ ਜਿਹੜੀਆਂ ਦੋ ਟੀਮਾਂ—ਜਰਮਨੀ ਅਤੇ ਆਸਟਰੇਲੀਆ ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ ਉਤੇ ਰਹੀਆਂ। ਉਹ ਭਾਰਤ ਵਾਲੇ ਪੂਲ ਵਿਚ ਹੀ ਸਨ ਅਤੇ ਇਕ ਪੂਲ ਵਿਚੋਂ ਸਿਰਫ ਦੋ ਟੀਮਾਂ ਨੇ ਹੀ ਸੈਮੀ ਫਾਈਨਲ ਗੇੜ ਵਿਚ ਪੁਜਣਾ ਸੀ।

ਤੀਰ-ਅੰਦਾਜ਼ੀ ਵਿਚ ਭਾਰਤ ਦੇ ਲਿੰਬਾ ਰਾਮ ਤੋਂ ਵੀ ਕਾਫੀ ਆਸਾਂ ਸਨ, ਪਰ ਇਨ੍ਹਾਂ ਆਸਾਂ ਨੂੰ ਵੀ ਫਲ ਨਾ ਲਗ ਸਕਿਆ। ਭਾਵੇਂ ਕਿ ਲਿੰਬਾ ਰਾਮ ਨੇ ਕੁਝ ਸਮਾਂ ਪਹਿਲਾਂ ਸੰਸਾਰ ਰਿਕਾਰਡ ਦੀ ਬਰਾਬਰੀ ਕੀਤੀ ਸੀ, ਪਰ ਬਾਰਸੀਲੋਨਾ ਵਿਚ ਉਹ ਤਮਗਾ ਜਿੱਤਣ ਦੇ ਨੇੜੇ-ਤੇੜੇ ਵੀ ਨਾ ਪੁਜ ਸਕਿਆ।

ਭਾਰਤੀ ਭਲਵਾਨ ਸੁਭਾਸ਼ ਵਰਮਾ ਦੀ ਪ੍ਰਾਪਤੀ ਕੁਝ ਸੰਤੁਸ਼ਟੀਜਨਕ ਰਹੀ। ਉਹ ਚੌਥੇ ਸਥਾਨ ਉਤੇ ਰਿਹਾ। ਉਪਵੀਰ ਨੇ ਵੀ ਪਹਿਲੀਆਂ ਦੋ ਕੁਸ਼ਤੀਆਂ ਵਿਚ ਚੰਗਾ ਦਸਤਪੰਜਾ ਲਿਆ। ਅਥਲੈਟਿਕਸ ਵਿਚ ਭਾਵੇਂ ਕਿ ਸ਼ਿਨੀ ਵਿਲਸਨ ਔਰਤਾਂ ਦੀ ੮੦੦ ਮੀਟਰ ਦੌੜ ਦੇ ਪਹਿਲੇ ਹੀ ਗੇੜ ਵਿਚੋਂ ਬਾਹਰ ਹੋ ਗਈ, ਪਰ ਉਸ ਨੇ ਨਵਾਂ ਕੌਮੀ ਰਿਕਾਰਡ ਜ਼ਰੂਰ ਬਣਾਇਆ। ਇਸ ਤਰ੍ਹਾਂ ਉਸ ਦੀ ਇਹ ਪ੍ਰਾਪਤੀ ਤਸੱਲੀਬਖਸ਼ ਕਹੀ ਜਾ ਸਕਦੀ ਹੈ।

ਇਨ੍ਹਾਂ ਖੇਡਾਂ ਦਾ ਸਭ ਤੋਂ ਤੇਜ਼ ਦੌੜਾਕ ਸਾਬਤ ਹੋਇਆ ਇੰਗਲੈਂਡ ਦਾ ਅਥਲੀਟ ਇਨਫੋਰਡ ਕ੍ਰਿਸਟੀ। ਉਸ ਨੇ ੧੦੦ ਮੀਟਰ ਦੌੜ ਵਿਚ ਸੋਨ ਤਮਗਾ ਜਿਤਿਆ। ਔਰਤਾਂ ਦੀ ੧੦੦ ਮੀਟਰ ਦੌੜ ਅਮਰੀਕਾ ਦੀ ਇਕ ਨਵੀਂ ਦੌੜਾਕ ਗਾਇਲ ਡੇਵਰਜ਼ ਨੇ ਜਿੱਤੀ। ਅਥਲੈਟਿਕਸ ਵਿਚ ਸਿਰਫ ਇਕ ਨਵਾਂ ਸੰਸਾਰ ਰਿਕਾਰਡ ਬਣਿਆ। ਇਹ ਰਿਕਾਰਡ ੪੦੦ ਮੀਟਰ ਅੜਿੱਕਾ ਦੌੜ ਵਿਚ ਅਮਰੀਕਾ ਦੇ ਦੌੜਾਕ ਕੇਵਿਨ ਜੰਗ ਨੇ ਬਣਾਇਆ। ਉਸ ਨੇ ਇਸ ਦੌੜ ਵਿਚ ੪੭ ਸਕਿੰਡ ਦੀ ਹੱਦ ਵੀ ਤੋੜੀ। ਇਸ ਤੋਂ ਪਹਿਲਾਂ ਇਸ ਦੌੜ ਦਾ ਸੰਸਾਰ ਰਿਕਾਰਡ ਅਮਰੀਕਾ ਦੇ ਮਸ਼ਹੂਰ ਦੌੜਾਕ ਐਡਵਿਨ ਮੋਜ਼ਿਜ ਦੇ ਨਾਂ ਬੋਲਦਾ ਸੀ।

ਅਥਲੈਟਿਕਸ ਵਿਚ ਕਾਰਲ ਲੂਈਸ ਇਕ ਵਾਰੀ ਫਿਰ 'ਕਾਲਾ ਮੋਤੀ' ਸਾਬਤ ਹੋਇਆ। ਉਸ ਨੇ ਲੰਮੀ ਛਾਲ ਦਾ ਸੋਨ ਤਮਗਾ ਜਿੱਤਣ ਤੋਂ ਇਲਾਵਾ ਅਮਰੀਕੀ ਟੀਮ ਨੂੰ ੪×੧੦੦ ਮੀਟਰ ਰਿਲੇਅ ਦੌੜ ਵਿਚ ਵੀ ਸੋਨ ਤਮਗਾ ਜਿਤਾਇਆ। ਇਸ ਤਰ੍ਹਾਂ ਕਾਰਲ ਲੂਈਸ ਦਾ ਨਾਂ ਖੇਡ ਦੇ ਇਤਿਹਾਸ ਦੇ ਵਰਕਿਆਂ ਉਤੇ ਸੁਨਿਹਰੀ ਹਰਫਾਂ ਵਿਚ ਦਰਜ ਹੋ ਗਿਆ। ਉਸ ਨੇ ਆਪਣੇ ਆਪ ਨੂੰ ਜੈਸੀ ਓਵਨਜ਼ ਤੋਂ ਵੀ ਦੋ ਕਦਮ ਅੱਗੇ ਲਿਜਾ ਖੜ੍ਹਾ ਕੀਤਾ ਹੈ।

ਇਸ ਖੇਡ ਮੇਲੇ ਦੀਆਂ ਸਮਾਪਤੀ ਰਸਮਾਂ ਵੀ ਉਦਘਾਟਨੀ ਰਸਮਾਂ ਜਿੰਨੀਆਂ ਹੀ ਸ਼ਾਨਦਾਰ ਸਨ। ਇਸ ਤਰ੍ਹਾਂ ਦੁਨੀਆਂ ਦਾ ਖੇਡ-ਭਾਈਚਾਰਾ ਚਾਰ ਸਾਲ ਬਾਦ ਐਟਲਾਂਟਾ (ਅਮਰੀਕਾ) ਵਿਚ ਇਕ ਵਾਰੀ ਫਿਰ ਮਿਲਣ ਦਾ ਮਘਦਾ ਵੇਗ ਅਤੇ ਆਸ ਦਿਲਾਂ ਵਿਚ ਲੈ ਕੇ ਵਿਛੜ ਗਿਆ।

## ਨਾਮਧਾਰੀ ਹਾਕੀ ਟੀਮ ਦਾ ਯੂਰਪੀ ਦੌਰਾ

ਨਾਮਧਾਰੀ ਹਾਕੀ ਟੀਮ ਸਰਸਾ ਅਜ ਕਲ੍ਹ ਇੰਗਲੈਂਡ ਅਤੇ ਯੂਰਪ ਦੇ ਕੁਝ ਹੋਰ ਦੇਸ਼ਾਂ ਵਿਚ ਭਾਰਤੀ ਸਟਾਈਲ ਦੀ ਹਾਕੀ ਦਾ ਵਧੀਆ ਪ੍ਰਦਰਸ਼ਨ ਕਰ ਰਹੀ ਹੈ। ਦੌਰੇ ਦਾ ਆਰੰਭ ਸਾਊਥ ਹਾਲ ਲੰਡਨ ਦੀ ਇਕ ਟੀਮ ਰਾਮਗੜ੍ਹੀਆ ਇਲੈਵਨ ਨਾਲ ਮੈਚ ਤੋਂ ਹੋਇਆ। ਇਸ ਟੀਮ ਨੂੰ ੩—੧ ਨਾਲ ਜਿੱਤ ਕੇ ਟੀਮ ਇੰਗਲੈਂਡ ਦੇ ਇਕ ਪ੍ਰਮੁਖ ਸ਼ਹਿਰ ਲੈਸਟਰ ਗਈ। ਇਥੇ ਲੀਗ ਅਤੇ ਨਾਕ-ਆਊਟ ਸਿਸਟਮ 'ਚ ਖੇਡੇ ਗਏ ਟੂਰਨਾਮੈਂਟ ਵਿਚ ਟੀਮ ਦਾ ਕੇਵਲ ਇਕ ਮੈਚ ਬਰਾਬਰ ਰਿਹਾ ਅਤੇ ਬਾਕੀ ਸਾਰੇ ਜਿਤ ਕੇ ਟੂਰਨਾਮੈਂਟ ਜਿਤਿਆ। ਹਾਕੀ ਦੇ ਹਰ ਵਿਭਾਗ ਵਿਚ ਬਰਤਰੀ ਦਿਖਾਉਂਦਿਆਂ ਟੀਮ ਨੇ ਹਾਲੈਂਡ ਵਿਚ ਕਈ ਕਲੱਬਾਂ ਨੂੰ ਜਿਤਿਆ। ਬੈਲਜੀਅਮ ਵਿਚ ਚੈਂਪੀਅਨਜ਼ ਆਫ ਬੈਲਜੀਅਮ ਨੂੰ ਇਕ ਬਹੁਤ ਤੇਜ਼ ਤਰਾਰ ਮੈਚ ਵਿਚ ੨—੧ ਨਾਲ ਹਰਾ ਕੇ ਦਰਸ਼ਕਾਂ ਦਾ ਮਨ ਮੋਹਿਆ। ਬੈਲਜੀਅਮ ਵਿਚ ਹੋਰ ਮੈਚ ਖੇਡ ਕੇ ਟੀਮ ਵਾਪਸ ਇੰਗਲੈਂਡ ਜਾਵੇਗੀ, ਉਥੇ ਕੁਝ ਦੋਸਤਾਨਾ ਮੈਚ ਅਤੇ ਦੋ ਟੂਰਨਾਮੈਂਟ ਖੇਡੇਗੀ। ਇਕ ਟੂਰਨਾਮੈਂਟ ਅੰਤਰ-ਰਾਸ਼ਟਰੀ ਪੱਧਰ ਦਾ ਹੈ, ਜਿਸ ਵਿਚ ਵਖ ਵਖ ਦੇਸ਼ਾਂ ਦੀਆਂ ਕਲੱਬਾਂ ਹਿੱਸਾ ਲੈਂਦੀਆਂ ਹਨ। ਟੀਮ ਅੱਧ ਸਤੰਬਰ ਤਕ ਵਾਪਸ ਭਾਰਤ ਪੁਜ ਰਹੀ ਹੈ।


Sri Satguru Jagjit Singh Ji eLibrary NamdhariElibrary@gmail.com

## ਖ਼ਬਮਨਾਮਾ

# ਸਾਵਣ ਕਵੀ ਦਰਬਾਰ

ਪੰਜਾਬੀ ਦੇ ਪ੍ਰਸਿਧ ਕਵੀ ਸੰਤੋਖ ਸਿੰਘ ਸਫ਼ਰੀ ਨੂੰ ਬੈਂਤਾਂ ਦਾ ਬਾਦਸ਼ਾਹ ਕਰਕੇ ਵੀ ਜਾਣਿਆ ਜਾਂਦਾ ਹੈ। ਉਹਨਾਂ ਦੀ ਰਹਿਨੁਮਾਈ ਅਤੇ ਪ੍ਰਧਾਨਗੀ ਹੇਠ ਪੰਜਾਬੀ ਕਵੀ ਸਭਾ (ਰਜਿ:) ਜਲੰਧਰ ਹਰ ਸਾਲ ਇਕ ਸਾਵਨ ਕਵੀ ਦਰਬਾਰ ਅਤੇ ਹੋਰ ਸਮਾਗਮ ਕਰਦੀ ਰਹਿੰਦੀ ਹੈ। ਜਲੰਧਰ ਵਿਚ ਸਟੇਜ ਦੇ ਕਵੀਆਂ ਦਾ ਇਹ ਇਕੋ ਇਕ ਸਾਲਾਨਾ ਦਰਬਾਰ ਹੁੰਦਾ ਹੈ। ਸਫ਼ਰੀ ਸਾਹਿਬ ਦੀ ਅਣਥੱਕ ਘਾਲਣਾ ਕਰਕੇ ਇਹ ਸਾਵਨ ਕਵੀ ਦਰਬਾਰ ੩੩ ਸਾਵਣ ਵੇਖ ਚੁਕਾ ਹੈ। ਇਸ ਦਾ ਤੇਤੀਵਾਂ ਦਰਬਾਰ ਐਤਵਾਰ ੯ ਅਗਸਤ ੧੯੯੨ ਨੂੰ ਟਾਊਨ ਹਾਲ ਜਲੰਧਰ ਵਿਚ ਹੋਇਆ। ਇਸ ਸਾਵਨ ਕਵੀ ਦਰਬਾਰ ਵਿਚ ਪ੍ਰੀਤਮ ਸਿੰਘ ਕਾਸਦ ਦਿੱਲੀ, ਬਲਵੰਤ ਸਿੰਘ ਨਿਰਵੈਰ ਦਿੱਲੀ, ਰਾਬਿੰਦਰ ਸਿੰਘ ਮਸਰੂਰ ਜਗਾਧਰੀ, ਚਰਨ ਸਿੰਘ ਚਮਨ ਹਰਗੋਬਿੰਦ-ਪੁਰੀ, ਹਰਦਿਆਲ ਸਿੰਘ ਬਾਗ਼ੀ ਸਮਾਣਾ, ਹਰੀ ਸਿੰਘ ਦਿਲਬਰ ਸਿਰਸਾ, ਫਕੀਰ ਚੰਦ ਤੁਲੀ ਜਲੰਧਰ, ਜਗਜੀਤ ਸਿੰਘ ਚਮਨ, ਕੁਲਵਿੰਦਰ ਫੁੱਲ, ਪ੍ਰਸ਼ੋਤਮ ਸਿੰਘ ਹੰਸ ਅਤੇ ਸੰਤੋਖ ਸਿੰਘ ਸਫ਼ਰੀ ਹੋਰਾਂ ਆਪਣੀਆਂ ਰਚਨਾਵਾਂ ਨਾਲ ਰੰਗ ਬੰਨ੍ਹਿਆ।

ਸਭਾ ਦੇ ਜਨਰਲ ਸਕੱਤਰ ਸਿਮਰ ਸਿੰਘ ਸਫਰੀ ਨੇ ਸਫਲ ਮੰਚ ਸੰਚਾਲਨ ਕੀਤਾ। ਮੁਖ ਮਹਿਮਾਨ ਸਨ ਸ੍ਰੀ ਮਹਿੰਦਰ ਸਿੰਘ ਕੇ. ਪੀ. ਰਾਜ ਮੰਤਰੀ ਪੰਜਾਬ। ਪ੍ਰਧਾਨ ਸਨ ਜਲੰਧਰ ਕਾਰਪੋਰੇਸ਼ਨ ਦੇ ਮੇਅਰ ਸ੍ਰੀ ਜੈ ਕਿਸ਼ਨ ਸੈਣੀ ਐਮ.ਐਲ.ਏ.। ਸ਼ਮ੍ਹਾਂ ਰੌਸ਼ਨ ਸ੍ਰੀ ਏ. ਕੇ. ਕੁੰਦਰਾ ਐਸ.ਈ. ਬਿਜਲੀ ਬੋਰਡ ਨੇ ਕੀਤੀ। ਸੰਤੋਖ ਸਿੰਘ ਸਫਰੀ ਦੀ ਪੁਸਤਕ ਮਹਿਕਾਂ ਦੀ ਬਰਸਾਤ ਦਾ ਵਿਮੋਚਨ ਸ੍ਰੀ ਅਜੀਤ ਸੈਣੀ ਨੇ ਕੀਤਾ। ਸ੍ਰੀ ਐਮ. ਐਲ. ਗਾਂਧੀ ਸੀਨੀਅਰ ਡਿਵੀਜ਼ਨਲ ਮੈਨੇਜਰ ਭਾਰਤੀ ਬੀਮਾ ਨਿਗਮ ਨੇ ਸੋਵੀਨਰ ਰੀਲੀਜ਼ ਕੀਤਾ। ਇਸ ਸਾਲ ਦਾ ਨੰਦ ਲਾਲ ਨੂਰਪੁਰੀ ਐਵਾਰਡ ਸ: ਪ੍ਰੀਤਮ ਸਿੰਘ ਕਾਸਦ ਨੂੰ ਬਾਵਾ ਸੋਹਣ ਸਿੰਘ ਭੱਲਾ ਤੇ ਸ: ਗੁਰਬਖਸ਼ ਸਿੰਘ ਜੁਨੇਜਾ ਹੱਥੀਂ ਦਿਤਾ ਗਿਆ। ਸ੍ਰੀ ਸੰਤ ਕੁਮਾਰ ਜੁਨੇਜਾ ਜ਼ਿਲ੍ਹਾ ਲੋਕ ਸੰਪਰਕ ਅਫਸਰ ਜਲੰਧਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ: ਸੰਤ ਪਰਕਾਸ਼ ਸਿੰਘ ਛਾਬੜਾ ਚੇਅਰਮੈਨ ਹਾਈ ਸਕੂਲ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਜਲੰਧਰ ਨੇ ਸਭ ਨੂੰ ਜੀਓ ਆਇਆਂ ਵੀ ਕਿਹਾ ਤੇ ਧੰਨਵਾਦ ਵੀ ਕੀਤਾ। ਬਹੁਤ ਸਾਰੇ ਸਜਨਾਂ ਦਾ ਮਾਨ ਸਨਮਾਨ ਕੀਤਾ ਗਿਆ। ਮਠਿਆਈ ਅਤੇ ਕਾਫੀ ਸਭ ਨੂੰ ਛਕਾਈ ਗਈ। ਕਵੀ ਦਰਬਾਰ ਸਮੇਂ ਬਾਰਸ਼ ਵੀ ਬਹੁਤ ਹੋਈ ਤੇ ਹਾਜ਼ਰੀ ਵੀ ਬਹੁਤ ਹੋਈ।

# ਹਿੰਮਤ ਸਿੰਘ ਸੋਢੀ

ਪ੍ਰਸਿਧ ਸਾਹਿਤਕਾਰ ਸ੍ਰੀ ਹਿੰਮਤ ਸਿੰਘ ਸੋਢੀ ਨੂੰ ਡਾ: ਬਲਬੀਰ ਸਿੰਘ ਸਾਹਿਤਯ ਕੇਂਦਰ ੨੦ ਪਰੀਤਮ ਰੋਡ, ਡੇਹਰਾਦੂਨ ਦਾ ਇਕ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਇਸ ਸੰਸਥਾ ਦੇ ਪ੍ਰਧਾਨ ਸ: ਇੰਦਰਜੀਤ ਸਿੰਘ (ਪੰਜਾਬ ਐਂਡ ਸਿੰਧ ਬੈਂਕ) ਹਨ। ਇਸ ਕੇਂਦਰ ਵਲੋਂ 'ਪੰਚਬਟੀ ਸੰਦੇਸ਼' ਨਾਮ ਦਾ ਇਕ ਬਹੁਤ ਵਧੀਆ ਤ੍ਰੈ ਮਾਸਿਕ ਰਸਾਲਾ ਵੀ ਪ੍ਰਕਾਸ਼ਿਤ ਹੁੰਦਾ ਹੈ ਜਿਸ ਦਾ ਅਕਤੂਬਰ ਅੰਕ 'ਡਾ: ਬਲਬੀਰ ਸਿੰਘ ਅੰਕ' ਹੋਵੇਗਾ।

# ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ, ਨਵੀਂ ਦਿੱਲੀ

ਦਿੱਲੀ ਵਿਚ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਸਾਲਾਨਾ ਸੰਮੇਲਨ ਸਮੇਂ ਹੋਏ ਵਖ ਵਖ ਮੁਕਾਬਲਿਆਂ ਵਿਚ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਵਿਦਿ-ਆਰਥੀਆਂ ਨੇ ਕੁਲ ੪੨ ਇਨਾਮ ਪ੍ਰਾਪਤ ਕੀਤੇ ਹਨ। ਇਸ ਵਿਚੋਂ ੧੪ ਪਹਿਲੇ ਦਰਜੇ ਦੇ, ੯ ਦੂਸਰੇ ਦਰਜੇ ਦੇ, ੧੧ ਤੀਸਰੇ ਅਸਥਾਨ ਦੇ ਅਤੇ ੮ ਪ੍ਰੋਤਸਾਹਨ ਇਨਾਮ ਹਨ। ਇਸ ਦਾ ਸਿਹਰਾ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਬੇਅੰਤ ਕੌਰ ਨੂੰ ਜਾਂਦਾ ਹੈ ਜਿਨ੍ਹਾਂ ਨੇ ਅਣਥੱਕ ਯਤਨ ਕਰਕੇ ਤਿਆਰੀ ਕਰਵਾਈ।

# 'ਚਾਨਣ ਦੀ ਲੀਕ' ਰੀਲੀਜ਼ ਹੋਈ

ਬੀਤੇ ਦਿਨੀਂ ਲੋਕ ਲਿਖਾਰੀ ਸਭਾ (ਰਜਿ:) ਜਲੰਧਰ ਨੇ ਦਵਿੰਦਰ ਮੰਡ ਵਲੋਂ ਸੰਪਾਦਤ ਦੇਸ ਰਾਜ ਕਾਲੀ ਤੇ ਭਗਵੰਤ ਰਸੂਲਪੁਰੀ ਦਾ ਸਾਂਝਾ ਕਹਾਣੀ ਸੰਗ੍ਰਹਿ 'ਚਾਨਣ ਦੀ ਲੀਕ' ਦੀ ਘੁੰਡ ਚੁਕਾਈ ਦੀ ਰਸਮ ਕਿਰਤੀ ਪ੍ਰਿੰਟਿੰਗ ਪਰੈਸ ਦੇ ਵਿਹੜੇ ਵਿਚ ਮੁਖ ਮਹਿਮਾਨ ਸ: ਜਗਦੀਸ਼ ਸਿੰਘ ਵਰਿਆਮ ਦੀ ਹਾਜ਼ਰੀ ਵਿਚ ਕੀਤੀ। ਪ੍ਰਧਾਨਗੀ ਮੰਡਲ 'ਚ ਬਿਰਾਜਮਾਨ ਸ੍ਰੀ ਪਰੇਮ ਗੋਰਖੀ, ਕੇਹਰ ਸਿੰਘ ਮੋਤੀ, ਅਮਰਜੀਤ ਸੰਧੂ, ਖੁਸ਼ੀ ਰਾਮ ਰਿਸ਼ੀ ਜੀ ਦੀ ਦੇਖ-ਰੇਖ ਹੇਠ ਘੁੰਡ ਚੁਕਾਈ ਤੋਂ ਪਹਿਲਾਂ ਕੁਝ ਕੁ ਕਵੀਆਂ ਨੇ ਆਪਣੀਆਂ ਗ਼ਜ਼ਲਾਂ ਪੜ੍ਹੀਆਂ। ਤੁਰੰਤ ਬਾਦ ਸ੍ਰੀ ਜਗਦੀਸ਼ ਸਿੰਘ ਵਰਿਆਮ ਜੀ ਨੇ ਪੁਸਤਕ 'ਚਾਨਣ ਦੀ ਲੀਕ' ਦਾ ਘੁੰਡ ਚੁੱਕਿਆ ਤੇ ਪੁਸਤਕ ਦੇ ਲਾਲ ਮੂੰਹੇ ਮੁਖੜੇ ਨੂੰ ਸਭ ਦੇ ਸਨਮੁਖ ਕੀਤਾ। ਬਾਅਦ ਵਿਚ ਪ੍ਰਧਾਨਗੀ ਮੰਡਲ ਨੂੰ ਲੇਖਕਾਂ ਨੇ ਇਕ-ਇਕ


Sri Satguru Jagjit Singh Ji eLibrary NamdhariElibrary@gmail.com

ਕਾਪੀ ਬੜੇ ਅਦਬ ਨਾਲ ਦਿਤੀ ।

ਪੁਸਤਕ ਦੇ ਸੰਪਾਦਕ ਦਵਿੰਦਰ ਮੰਡ ਨੇ ਆਪਣੇ ਵਿਚਾਰ ਦਿੰਦਿਆਂ ਕਿਹਾ ਕਿ ਮੈਂ ਇਨ੍ਹਾਂ ਨਵੇਂ ਲੇਖਕਾਂ ਦੀਆਂ ਕਹਾਣੀਆਂ ਸੰਪਾਦਿਤ ਕਰਕੇ ਬਹੁਤ ਖੁਸ਼ੀ ਮਹਿਸੂਸ ਕਰ ਰਿਹਾ ਹਾਂ । ਉਸ ਤੋਂ ਬਾਅਦ ਨੂਰ ਸੰਤੋਖਪੁਰੀ ਨੇ ਆਪਣਾ 'ਪ੍ਰਤੀਕਰਮ' ਸਰੋਤਿਆਂ ਨੂੰ ਦਸਿਆ । ਪੰਜਾਬੀ ਕਹਾਣੀਕਾਰ ਪਰੇਮ ਗੋਰਖੀ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਬੋਲਦਿਆਂ ਕਿਹਾ ਕਿ ਮੈਂ ਇਨ੍ਹਾਂ ਕਹਾਣੀਕਾਰਾਂ ਨੂੰ ਪੜ੍ਹਿਆ ਹੈ...ਇਨ੍ਹਾਂ ਦੋ ਨਵੇਂ ਕਹਾਣੀਕਾਰਾਂ ਵਿਚ ਬੜੀ ਸਮਰਥਾ ਹੈ, ਇਨ੍ਹਾਂ ਨੇ ਮੇਰੇ, ਅਤਰਜੀਤ, ਕਿਰਪਾਲ ਕਜ਼ਾਕ ਤੇ ਨਛੱਤਰ ਤੋਂ ਵੱਖਰੀ ਕਿਸਮ ਦੀ ਦਲਿਤ ਕਹਾਣੀ ਲਿਖਕੇ ਆਪਣੀ ਵਿਸ਼ੇਸ਼ ਪਛਾਣ ਬਣਾਈ ਹੈ । ਇਨ੍ਹਾਂ ਨੇ ਵਰਗ ਸੰਘਰਸ਼, ਉਚੀ ਜਾਤੀ ਵਲੋਂ ਦਲਿਤਾਂ ਦੀਆਂ ਇਸਤਰੀਆਂ ਨਾਲ ਹੁੰਦਾ ਸ਼ੋਸ਼ਣ ਦੀ ਥਾਂ ਤੇ ਦਲਿਤਾਂ ਵਿਚਲੀ ਆਪਸੀ ਕਸ਼ਮਕਸ਼ ਨੂੰ ਕਹਾਣੀਆਂ ਵਿਚ ਚਿਤਰਕੇ ਕਹਾਣੀ ਨੂੰ ਅੱਗੇ ਤੋਰਿਆ ਹੈ ।

ਜਗਦੀਸ਼ ਸਿੰਘ ਵਰਿਆਮ ਨੇ ਕਿਹਾ ਕਿ ਪਹਿਲਾਂ-ਪਹਿਲ ਤਾਂ ਨਵੇਂ ਲੇਖਕ ਦੀਆਂ ਰਚਨਾਵਾਂ ਵਿਚ ਇਹ ਸਮਰਥਾ ਹੋਣੀ ਚਾਹੀਦੀ ਹੈ ਕਿ ਉਹ ਪੜ੍ਹਨਯੋਗ ਹੋਣ ਤੇ ਪਾਠਕ ਬੋਰੀਅਤ ਮਹਿਸੂਸ ਨਾ ਕਰੇ, ਇਨ੍ਹਾਂ ਕਹਾਣੀਆਂ ਵਿਚ ਪੜ੍ਹਨਯੋਗ ਹੋਣ ਦੀ ਸਮਰਥਾ ਹੈ । ਫਿਰ ਜਨਾਬ ਕੇਹਰ ਸਿੰਘ ਮੋਤੀ ਨੇ ਕਿਹਾ ਕਿ ਸਾਨੂੰ ਪੁਸਤਕ ਦੀਆਂ ਖਾਮੀਆਂ ਤੇ ਹੀ ਉਂਗਲ ਨਹੀਂ ਰੱਖਣੀ ਚਾਹੀਦੀ, ਉਸ ਦੇ ਗੁਣਾਂ ਵਲ ਵੀ ਧਿਆਨ ਦੇਣਾ ਚਾਹੀਦਾ ਹੈ । ਸੀ. ਐਲ. ਚੁੰਬਰ ਨੇ ਪੰਜਾਬੀ ਕਹਾਣੀ 'ਚ ਦਲਿਤ ਕਹਾਣੀ ਦਾ ਅਹਿਮ ਸਥਾਨ ਦਸਿਆ, ਫਿਰ ਉਨ੍ਹਾਂ ਪੰਜਾਬੀ 'ਚ ਲਿਖੀ ਜਾ ਰਹੀ ਪ੍ਰਤੀਨਿਧ ਦਲਿਤ ਕਹਾਣੀ ਨੂੰ ਪੁਸਤਕ ਰੂਪ ਵਿਚ ਛਾਪਣ ਦੀ ਆਪਣੀ ਯੋਜਨਾ ਵੀ ਦੱਸੀ ।

ਅਖੀਰ ਵਿਚ ਦੇਸ ਰਾਜ ਕਾਲੀ ਨੇ ਸਾਂਝੇ ਰੂਪ ਵਿਚ ਕਹਾਣੀਆਂ ਦੇ ਪਿਛੋਕੜ ਬਾਰੇ ਆਪਣੇ ਪ੍ਰਭਾਵ ਦਸਦਿਆਂ ਕਿਹਾ ਕਿ 'ਵਿਹੜੇ' ਦੇ ਲੋਕਾਂ ਦੀਆਂ ਪਾਟੀਆਂ ਹੋਈਆਂ ਬਿਆਈਆਂ ਨੂੰ ਅਸੀਂ ਦੋਹਾਂ ਨੇ ਆਪਣੀਆਂ ਕਹਾਣੀਆਂ ਵਿਚ ਚਿਤਰਨ ਦੀ ਕੋਸ਼ਿਸ਼ ਕੀਤੀ ਹੈ । —ਏ. ਐਸ. ਆਜ਼ਾਦ

## ਪੰਜਾਬੀ ਸ਼ਾਇਰ ਜੁਗਿੰਦਰਪਾਲ ਸੇਵਕ ਦਾ ਸਨਮਾਨ

ਪੰਜਾਬੀ ਕਵੀ ਦਰਬਾਰਾਂ ਦੀ ਸਟੇਜ ਦੀ ਸ਼ਾਨ ਸ੍ਰੀ ਜੁਗਿੰਦਰਪਾਲ ਸੇਵਕ ਦੀ ਘਾਲਣਾ ਨੂੰ ਸਲਾਮ ਕਰਨ ਲਈ ਉਹਨਾਂ ਦੇ ੬੫ਵੇਂ ਜਨਮ ਦਿਨ ਤੇ ਬੰਬਈ ਦੀ ਰਾਮਗੜ੍ਹੀਆ ਐਸੋਸੀਏਸ਼ਨ ਨੇ ਇਕ ਵਿਸ਼ੇਸ਼ ਸਨਮਾਨ ਸਮਾਰੋਹ ਅਤੇ ਕਵੀ ਦਰਬਾਰ ਕੀਤਾ । ਦੇਸ਼ ਦੀ ਆਜ਼ਾਦੀ ਵਾਲੇ ਦਿਨ ੧੫ ਅਗਸਤ ੧੯੯੨ ਨੂੰ ਮਹਾਰਾਜਾ ਜੱਸਾ ਸਿੰਘ ਦੇ ਦਿਵਸ ਤੇ ਹੋਏ ਇਸ ਸਮਾਰੋਹ ਤੇ ਸੇਵਕ ਜੀ ਨੂੰ ੬੫੦੦ ਰੁਪਏ ਅਤੇ ਇਕ ਦੁਸ਼ਾਲਾ ਸ: ਤਰਲੋਕ ਸਿੰਘ ਕੋਮਲ ਜਨਰਲ ਸਕੱਤਰ ਰਾਹੀਂ ਭੇਟ ਕੀਤਾ ਗਿਆ । ਇਹ ਸਨਮਾਨ ਸੇਵਕ ਜੀ ਵਲੋਂ ਲਿਖੀ ਕਾਵਿ ਪੁਸਤਕ 'ਵਿਸ਼ਵਕਰਮਾ ਦੇ ਲਾਲ' ਦੀ ਕਦਰਦਾਨੀ ਵਜੋਂ ਦਿਤਾ ਗਿਆ । ਐਸੋਸੀਏਸ਼ਨ ਦੇ ਪ੍ਰਧਾਨ ਸ: ਗਿਆਨ ਸਿੰਘ ਭੁਰਜੀ, ਜਨਰਲ ਸਕੱਤਰ ਸ: ਤਰਲੋਕ ਸਿੰਘ ਭੁਰਜੀ ਕੋਮਲ, ਸ: ਸਰਦੂਲ ਸਿੰਘ ਸਾਗਰ ਅਤੇ ਹੋਰ ਸਜਨਾਂ ਨੇ ਸ੍ਰੀ ਜੁਗਿੰਦਰਪਾਲ ਸੇਵਕ ਦੀ ਕਾਵਿ ਕਲਾ ਦੀ ਪਰਸੰਸਾ ਕੀਤੀ । ਇਸ ਸਮੇਂ ਸੇਵਕ ਜੀ, ਮਹਿੰਦਰ ਸਿੰਘ ਦਮਨ ਦਿੱਲੀ, ਰੇਸ਼ਮ ਸਿੰਘ ਰਤਨ ਕਲਕੱਤਾ ਤੇ ਜਗਜੀਤ ਸਿੰਘ ਭੌਰਾ ਬੰਬਈ ਨੇ ਆਪਣੀਆਂ ਕਵਿਤਾਵਾਂ ਵੀ ਸੁਣਾਈਆਂ ।

## ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ ਸ੍ਰੀ ਭੈਣੀ ਸਾਹਿਬ ਦੀਆਂ ਸਫ਼ਲਤਾਵਾਂ

ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ ਸ੍ਰੀ ਭੈਣੀ ਸਾਹਿਬ ਜਿਥੇ ਵਿਦਿਅਕ ਖੇਤਰ ਵਿਚ ਨਾਮਣਾ ਖੱਟ ਰਹੀ ਹੈ ਉਥੇ ਹੋਰ ਸਰਗਰਮੀਆਂ ਖੇਡਾਂ, ਸੰਗੀਤ, ਕੀਰਤਨ ਤੇ ਭਾਸ਼ਣ ਮੁਕਾਬਲਿਆਂ ਵਿਚ ਵੀ ਫਖਰਯੋਗ ਕਾਰਜ ਕਰ ਰਹੀ ਹੈ । ਅਕੈਡਮੀ ਦੇ ਸਯੋਗ ਪ੍ਰਿੰਸੀਪਲ ਸ: ਅਜੀਤ ਸਿੰਘ ਚੀਮਾ ਅਨੁਸਾਰ ੧੯੯੨ ਦੇ ਸਰਬ ਹਿੰਦ ਨਾਮਧਾਰੀ ਵਿਦਿਅਕ ਸੰਮੇਲਨ ਨਵੀਂ ਦਿੱਲੀ ਸਮੇਂ ਅਕਾਦਮੀ ਦੇ ਵਿਦਿਆਰਥੀਆਂ ਨੇ ਖੇਡਾਂ, ਰਾਗ, ਕੀਰਤਨ, ਭਾਸ਼ਨ, ਲਿਖਤੀ ਅਤੇ ਕੁਇਜ਼ ਮੁਕਾਬਲਿਆਂ ਵਿਚ ਕੁਲ ੩੮ ਇਨਾਮ ਪ੍ਰਾਪਤ ਕੀਤੇ ਹਨ ਜੋ ਬਹੁਤ ਖੁਸ਼ੀ ਅਤੇ ਤਸੱਲੀ ਦੀ ਗੱਲ ਹੈ ।

## ਜੀਵਨ ਵਿਚ ਮੁਖ ਗੱਲ ਕੀ ਹੈ ?

ਜੀਵਨ ਵਿਚ ਮੁਖ ਗੱਲ ਕੀ ਹੈ ? ਖਾਣ ਪੁੱਟ ਕਹਿੰਦੇ ਹਨ ਮੁਖ ਗੱਲ ਕੋਲਾ ਹੈ । ਜੇ ਕੋਲਾ ਨਾ ਹੋਵੇ ਤਾਂ ਮਸ਼ੀਨਾਂ ਰੁਕ ਜਾਣਗੀਆਂ ; ਧਾਤ ਨਹੀਂ ਹੋਵੇਗੀ ਅਤੇ ਲੋਕ ਯਖ ਹੋ ਜਾਣਗੇ ।

ਧਾਤਾਂ ਦੇ ਕਿਰਤੀ ਕਹਿੰਦੇ ਹਨ ਮੁਖ ਗੱਲ ਧਾਤ ਹੈ । ਧਾਤ ਤੋਂ ਬਿਨਾਂ ਨਾ ਮਸ਼ੀਨਾਂ ਹੁੰਦੀਆਂ ਹਨ ਨਾ ਕੋਲਾ, ਨਾ ਰੋਟੀ ਅਤੇ ਨਾ ਕੱਪੜੇ ।

ਕਿਸਾਨ ਕਹਿੰਦੇ ਮੁਖ ਗੱਲ ਖਾਣਾ ਹੈ । ਖਾਣੇ ਤੋਂ ਬਿਨਾਂ ਕੋਈ ਵੀ ਕੰਮ ਨਹੀਂ ਕਰ ਸਕਦਾ । ਨਾ ਖਾਣ-ਪੁੱਟ, ਜਾਂ ਧਾਤ ਦੇ ਕਿਰਤੀ, ਜਾਂ ਪਾਈਲਟ, ਜਾਂ ਸਰਹੱਦਾਂ ਦੇ ਰਾਖੇ ।

ਉਹਨਾਂ ਵਿਚੋਂ ਕੌਣ ਠੀਕ ਹੈ ? ਜੀਵਨ ਵਿਚ ਮੁਖ ਗੱਲ ਕੀ ਹੈ ?

ਮੁੱਖ ਗੱਲ ਕਿਰਤ ਹੈ । ਕਿਰਤ ਤੋਂ ਬਿਨਾਂ ਨਾ ਕੋਲਾ ਹੋਵੇਗਾ ਨਾ ਧਾਤ ਅਤੇ ਨਾ ਖਾਣਾ ।

(ਵਾਹੀਆ ਚੌਥੀ ਸ਼ਰੇਣੀ)



Sri Satguru Jagjit Singh Ji eLibrary NamdhariElibrary@gmail.com

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ 'ਸਦਭਾਵਨਾ' ਦਿਨ

ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ ਵਿਖੇ ੫ ਭਾਦਰੋਂ ਸੰਮਤ ੨੦੪੯ ਨੂੰ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ, 'ਸਦਭਾਵਨਾ' ਦਿਨ ਮਨਾਇਆ ਗਿਆ। ਇਸ ਦਿਨ ਕਾਲਜ ਦੇ ਵਿਦਿਆਰਥੀਆਂ ਨੂੰ ਸਤਿਗੁਰੂ ਜੀ ਦੇ ਉਪਦੇਸ਼ਾਂ 'ਤੇ ਚਲਣ ਦੀ ਸਿੱਖਿਆ ਦਿਤੀ ਗਈ ਅਤੇ ਦੇਸ਼ ਦੀ ਸਦਭਾਵਨਾ ਲਈ ਵਿਦਿਆਰਥੀਆਂ ਤੋਂ ਹੇਠ ਲਿਖੀ ਪ੍ਰਤਿਗਿਆਂ ਕਰਵਾਈ ਗਈ :—

"ਮੇਰਾ ਇਹ ਮਹਾਨ ਦੇਸ਼ ਮੈਨੂੰ ਬਹੁਤ ਪਿਆਰਾ ਹੈ ਕਿਉਂਕਿ ਇਹ ਮੇਰੀ ਮਾਤਾ ਦੇ ਸਮਾਨ ਹੈ। ਇਸ ਦੇ ਸਾਰੇ ਨਿਵਾਸੀ ਇਸਦੇ ਬੱਚਿਆਂ ਵਰਗੇ ਹਨ। ਇਸ ਦੀ ਸਹਿਨ-ਸ਼ੀਲਤਾ, ਸਦਭਾਵ ਅਤੇ ਅਨੇਕਤਾ ਵਿਚ ਏਕਤਾ ਦੀ ਮਹਾਨ ਪਰੰਪਰਾ ਦੀ ਰਖਿਆ ਕਰਨਾ ਅਤੇ ਉਸ ਨੂੰ ਅੱਗੇ ਵਧਾਉਣਾ ਮੇਰਾ ਫ਼ਰਜ਼ ਹੈ; ਇਸ ਲਈ ਮੈਂ ਇਸ ਦੀ ਉਨਤੀ ਅਤੇ ਸ਼ਾਂਤੀ ਲਈ ਸੱਚੇ ਦਿਲੋਂ ਪ੍ਰਤਿਗਿਆ ਕਰਦਾ ਹਾਂ ਕਿ :—

੧. ਇਸ ਮਹਾਨ ਧਰਤੀ ਦੇ ਲੋਕਾਂ ਦੀ ਏਕਤਾ ਅਤੇ ਭਾਵਾਤਮਕ ਅਖੰਡਤਾ ਲਈ ਲਗਾਤਾਰ ਯਤਨ-ਸ਼ੀਲ ਰਹਾਂਗਾ।

੨. ਮੈਂ ਸਾਰੇ ਮਤਭੇਦਾਂ ਨੂੰ ਸੁਚੱਜੇ ਅਤੇ ਸੁਲਝੇ ਢੰਗ ਨਾਲ ਹੱਲ ਕਰਨ ਦਾ ਯਤਨ ਕਰਾਂਗਾ।

੩. ਮੈਂ ਸਾਰੇ ਧਰਮਾਂ ਦੇ ਲੋਕਾਂ ਨੂੰ ਆਪਣੇ ਭਰਾਵਾਂ ਅਤੇ ਭੈਣਾਂ ਦੇ ਬਰਾਬਰ ਸਮਝਾਂਗਾ।

੪. ਮੈਂ ਹਮੇਸ਼ਾ ਹਿੰਸਾ ਦਾ ਵਿਰੋਧ ਕਰਾਂਗਾ।

੫. ਮੈਂ ਉਪਰੋਕਤ ਉਦੇਸ਼ਾਂ ਦੀ ਪੂਰਤੀ ਲਈ ਗੁਰੂਆਂ ਅਤੇ ਦੂਸਰੇ ਮਹਾਨ ਨੇਤਾਵਾਂ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ, ਏਕਤਾ ਅਤੇ ਅਖੰਡਤਾ ਲਈ ਕੁਰਬਾਨੀ ਦਿਤੀ, ਦੇ ਦੱਸੇ ਹੋਏ ਰਸਤੇ 'ਤੇ ਚੱਲਾਂਗਾ।"

ਬੂਟਾ ਸਿੰਘ 'ਵਿਰਕ'
ਕਾਰਜਕਾਰੀ ਪ੍ਰਿੰਸੀਪਲ
ਸ੍ਰੀ ਗੁਰੂ ਹਰੀ ਸਿੰਘ ਕਾਲਜ,
ਸ੍ਰੀ ਜੀਵਨ ਨਗਰ

## ਮਾਤਾ ਭੁਪਿੰਦਰ ਕੌਰ ਨਮਿਤ ਮੇਲਾ

ਜਗਤ ਮਾਤਾ ਭੁਪਿੰਦਰ ਕੌਰ ਜੀ [ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੂਜ-ਮਾਤਾ] ਦੀ ਪਾਵਨ ਯਾਦ ਵਿਚ ਪਹਿਲੀ ਵਾਰ ਮੇਲਾ ਸ੍ਰੀ ਭੈਣੀ ਸਾਹਿਬ ਵਿਖੇ ੨੯ ਭਾਦਰੋਂ--੧੩ ਸਤੰਬਰ ੧੯੯੨ ਨੂੰ ਹੋ ਰਿਹਾ ਹੈ।

## ਅੰਮ੍ਰਿਤਸਰ ਦੇ ਸ਼ਹੀਦਾਂ ਨਮਿਤ ਮੇਲਾ

ਸ੍ਰੀ ਅੰਮ੍ਰਿਤਸਰ ਦੇ ਨਾਮਧਾਰੀ ਸ਼ਹੀਦਾਂ—ਸ੍ਰੀ ਲਹਿਣਾ ਸਿੰਘ, ਫਤਹਿ ਸਿੰਘ, ਹਾਕਮ ਸਿੰਘ, ਬੀਹਲਾ ਸਿੰਘ ਦੀ ਅਦੁੱਤੀ ਸ਼ਹਾਦਤ ਨਮਿਤ ਸ਼ਹੀਦੀ ਮੇਲਾ ਸ੍ਰੀ ਭੈਣੀ ਸਾਹਿਬ ਵਿਖੇ ੧੪, ੧੫, ੧੬ ਸਤੰਬਰ ਨੂੰ ਹੋ ਰਿਹਾ ਹੈ। ਭੋਗ ੧੬ ਸਤੰਬਰ ਸਵੇਰੇ ਪਵੇਗਾ।

ਦਿਲੀ ਵਾਲੇ ਸੰਤ ਦਲੀਪ ਸਿੰਘ ਪਨੱਢ ਹਰ ਸਾਲ ਇਸ ਮੇਲੇ ਤੇ ਆਪਣਾ ਧਨ ਸਫਲ ਕਰਕੇ ਸੇਵਾ ਕਰਦੇ ਹਨ।

ਸਮੂਹ ਸੰਗਤ ਇਹਨਾਂ ਪੁਰਬਾਂ ਤੇ ਦਰਸ਼ਨ ਦੇਵੇ।

(ਮਾ) ਨਿਹਾਲ ਸਿੰਘ
ਪ੍ਰਧਾਨ ਸਰਬ ਹਿੰਦ ਨਾਮਧਾਰੀ ਦਰਬਾਰ


Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL





**MIXERS**
**&**
**VIBRATORS**





## BALWANT SINGH & SONS

WH. 14, SATGURU RAM SINGH MARG,
MAYAPURI PHASE - 1 NEW DELHI - 110064
PH : FAC : 5401973,5435059 RESI : 536093




Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM SEPTEMBER 1992
Ladowali Rd, Jalandhar-144001.
Registered with the Registrar of News Papers for India No. 26453/75

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS,**
**WOODEN & STEEL FURNITURE**
**& PADESTALFAN ETC.**

Phones : Office : 2528411
,, : 2510345
Resi. : 845441

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲਧਰ ਤੋਂ ਪ੍ਰਕਾਸ਼ਤ ਕੀਤਾ।

Sri Satguru Jagjit Singh Ji eLibrary NamdhariElibrary@gmail.com